11_ Chapter_5

# ਸੰਦੂਕ : ਸਮਾਜ-ਸਭਿਆਚਾਰਕ ਅਧਿਐਨ

ਕਿਸੇ ਖਿੱਤੇ ਵਿਚ ਰਹਿੰਦੇ ਲੋਕਾਂ ਦਾ ਸਮੁੱਚਾ ਜੀਵਨ ਵਿਹਾਰ ਉੱਥੋਂ ਦਾ ਸਭਿਆਚਾਰ ਹੈ ਜਿਸ ਵਿਚ ਵਿਭਿੰਨ ਸਮਿਆਂ ਦੀਆਂ ਵਿਭਿੰਨ ਪ੍ਰਸਥਿਤੀਆਂ ਅਨੁਸਾਰ ਪਰਿਵਰਤਨ ਹੁੰਦਾ ਰਹਿੰਦਾ ਹੈ। ਇਸ ਪਰਿਵਰਤਨ ਕਾਰਨ ਸਭਿਆਚਾਰ ਦਾ ਜੋ ਮੁਹਾਂਦਰਾ ਨਜ਼ਰੀ ਆਉਂਦਾ ਹੈ, ਉਹ ਨਿਰਸੰਦੇਹ ਇਸਦੇ ਪਰੰਪਰਾਗਤ ਮੁਹਾਂਦਰੇ ਨਾਲੋਂ ਵਿਲੱਖਣ ਤੇ ਨਿਵੇਕਲਾ ਹੁੰਦਾ ਹੈ। ਵਿਗਿਆਨਕ ਯੁੱਗ ਦੀਆਂ ਨਵੀਆਂ ਤਕਨੀਕਾਂ ਨਾਲ ਸਭਿਆਚਾਰ ਦੇ ਪਦਾਰਥਕ ਪੱਖ ਵਿਚ ਵਿਸ਼ੇਸ਼ ਪਰਿਵਰਤਨ ਆਇਆ। ਇਸ ਪਰਿਵਰਤਨ ਦਾ ਅਸਰ ਸਭਿਆਚਾਰ ਦੇ ਹੋਰਨਾਂ ਪੱਖਾਂ 'ਤੇ ਵੀ ਪਿਆ। ਮਿਸਾਲ ਵਜੋਂ ਹੱਥੀਂ ਤਿਆਰ ਕੀਤੀਆਂ ਜਾਣ ਵਾਲੀਆਂ ਵਸਤਾਂ ਦੀ ਸਿਰਜਣਾ ਨਵੇਂ ਸੰਦਾਂ/ਸਾਧਨਾਂ ਦੀ ਵਰਤੋਂ ਨਾਲ ਹੋਣ ਲੱਗੀ, ਜਿਸ ਨਾਲ ਮਨੁੱਖ ਦੀਆਂ ਲੋੜਾਂ ਦੀ ਪੂਰਤੀ ਤਾਂ ਹੋ ਗਈ ਪਰ ਇਸ ਨਾਲ ਕਈ ਅਜਿਹੀਆਂ ਕਲਾਤਮਕ ਵਸਤਾਂ ਮਨੁੱਖੀ ਜੀਵਨ ਵਿਚੋਂ ਮਨਫ਼ੀ ਹੋ ਗਈਆਂ ਜੋ ਕੇਵਲ ਮਨੁੱਖੀ ਲੋੜਾਂ ਦੀ ਪੂਰਤੀ ਦਾ ਸਾਧਨ ਮਾਤਰ ਹੀ ਨਹੀਂ ਸਨ ਬਲਕਿ ਇਹਨਾਂ ਦੀ ਮਹੱਤਤਾ ਇਹਨਾਂ ਨਾਲ ਜੁੜੇ ਸਭਿਆਚਾਰਕ ਮੁੱਲਾਂ ਕਾਰਨ ਸੀ। ਇਹਨਾਂ ਵਿਚ ਕਸੀਦਾਕਾਰੀ, ਬੁਣਨ ਕਲਾ, ਉਣਨ ਕਲਾ ਤੋਂ ਇਲਾਵਾ ਮਿੱਟੀ, ਲੱਕੜ, ਘਾਹ, ਕਾਨ੍ਹੇ ਆਦਿ ਨਾਲ ਸੰਬੰਧਿਤ ਵਸਤਾਂ ਸ਼ਾਮਿਲ ਹਨ। ਕੁਝ ਵਸਤਾਂ ਤਾਂ ਬਿਲਕੁਲ ਅਲੋਪ ਹੋ ਗਈਆਂ ਹਨ ਅਤੇ ਕੁਝ ਅਜੇ ਵੀ ਮਨੁੱਖੀ ਜੀਵਨ ਦਾ ਹਿੱਸਾ ਬਣੀਆਂ ਹੋਈਆਂ ਹਨ। ਇਹਨਾਂ ਵਿਚੋਂ ਸੰਦੂਕ ਇਕ ਅਹਿਮ ਵਸਤ ਹੈ। ਸੰਦੂਕ ਦੇ ਨਿਰਮਾਣ ਦਾ ਮੂਲ ਮਨੋਰਥ ਮਨੁੱਖ ਦੀ ਵਸਤਾਂ ਸੰਭਾਲਣ ਸੰਬੰਧੀ ਲੋੜ ਦੀ ਪੂਰਤੀ ਕਰਨਾ ਸੀ, ਜਿਸ ਲਈ ਇਕ ਸਧਾਰਨ ਬਣਤਰ ਅਤੇ ਦਿੱਖ ਵਾਲੇ ਸੰਦੂਕ ਦੀ ਲੋੜ ਸੀ ਪਰ ਸਮੇਂ ਨਾਲ ਮਨੁੱਖ ਨੇ ਸੁਹਜਾਤਮਕ ਰੁਚੀ ਅਧੀਨ ਇਸਨੂੰ ਖ਼ੂਬਸੂਰਤ ਦਿੱਖ ਪ੍ਰਦਾਨ ਕੀਤੀ। ਇਸ ਨਾਲ ਕਈ ਸਭਿਆਚਾਰਕ ਮੁੱਲ ਵੀ ਜੁੜਦੇ ਗਏ। ਸੰਦੂਕ ਨੂੰ ਖ਼ੂਬਸੂਰਤ ਦਿੱਖ ਪ੍ਰਦਾਨ ਕਰਨ ਦੀ

ਰੁਚੀ ਅਧੀਨ ਇਸ ਉੱਪਰ ਵਿਭਿੰਨ ਜੁਗਤਾਂ ਨਾਲ ਬਣਾਏ ਡਿਜ਼ਾਇਨ ਅਤੇ ਪੈਟਰਨ ਖ਼ੂਬਸੂਰਤੀ ਦੇ ਨਾਲ-ਨਾਲ ਮਨੁੱਖ ਦੀਆਂ ਵਿਭਿੰਨ ਭਾਵਨਾਵਾਂ ਦਾ ਸੰਚਾਰ ਸਾਧਨ ਵੀ ਬਣੇ। ਸੋ ਅਜਿਹੇ ਮਹੱਤਵ ਕਾਰਨ ਸੰਦੂਕ ਪੰਜਾਬੀ ਸਭਿਆਚਾਰ ਵਿਚ ਸਧਾਰਨ ਅਰਥਾਂ ਨਾਲੋਂ ਵਿਲੱਖਣ ਤੇ ਵਿਸ਼ੇਸ਼ ਅਰਥ ਗ੍ਰਿਹਣ ਕਰਦਾ ਹੈ।

ਹਰੇਕ ਸਮਾਜ ਦੀਆਂ ਭੂਗੋਲਿਕ ਹਾਲਤਾਂ ਵਿਚ ਵੱਖਰਤਾ ਪਾਈ ਜਾਂਦੀ ਹੈ ਜਿਸ ਕਾਰਨ ਸੰਬੰਧਿਤ ਭੂਗੋਲਿਕ ਖਿੱਤੇ ਵਿਚ ਵਸਤ ਨਿਰਮਾਣ ਲਈ ਵਰਤੀ ਜਾਂਦੀ ਕੱਚੀ ਸਮੱਗਰੀ ਵੀ ਭੂਗੋਲਿਕ ਹਾਲਤਾਂ ਦੇ ਅਨੁਸਾਰ ਹੁੰਦੀ ਹੈ। ਪੰਜ ਦਰਿਆਵਾਂ ਦੀ ਧਰਤੀ ਵਾਲਾ ਪੰਜਾਬ ਵੰਡ ਉਪਰੰਤ ਭੂਗੋਲਿਕ ਪੱਖ ਤੋਂ ਭਾਵੇਂ ਸੀਮਿਤ ਹੋ ਗਿਆ ਹੈ ਪਰ ਇਸਦੀ ਜ਼ਮੀਨ ਅਜੇ ਵੀ ਬਨਸਪਤ ਲਈ ਵਧੇਰੇ ਜਰਖ਼ੇਜ਼ ਹੈ। ਵਿਭਿੰਨ ਫਸਲਾਂ ਦੇ ਨਾਲ-ਨਾਲ ਕਈ ਕਿਸਮਾਂ ਦੇ ਰੁੱਖ ਵੀ ਇੱਥੇ ਬਹੁਤਾਤ ਵਿਚ ਪ੍ਰਾਪਤ ਹੁੰਦੇ ਹਨ ਜਿਵੇਂ ਨਿੰਮ, ਟਾਹਲੀ, ਬੋਹੜ, ਪਿੱਪਲ, ਸਫ਼ੈਦਾ, ਕਿੱਕਰ, ਅੰਬ, ਬੇਰੀ ਆਦਿ। ਇਹਨਾਂ ਵਿਚੋਂ ਨਿੰਮ, ਟਾਹਲੀ, ਕਿੱਕਰ ਆਦਿ ਅਜਿਹੇ ਰੁੱਖ ਹਨ ਜਿੰਨ੍ਹਾਂ ਦੀ ਵਰਤੋਂ ਕਰਕੇ ਮਨੁੱਖੀ ਜੀਵਨ ਵਿਚ ਲੋੜੀਂਦੀਆਂ ਅਨੇਕ ਵਸਤਾਂ ਦਾ ਨਿਰਮਾਣ ਕੀਤਾ ਜਾਂਦਾ ਹੈ। ਲੱਕੜ ਅਤੇ ਲੱਕੜ ਤੋਂ ਬਣੀਆਂ ਵਸਤਾਂ ਦੀ ਪੰਜਾਬੀ ਜੀਵਨ ਵਿਚ ਵਿਸ਼ੇਸ਼ ਅਹਿਮੀਅਤ ਹੈ ਜਿਸ ਵਿਚ ਖੇਤਬਾੜੀ ਨਾਲ ਸੰਬੰਧਿਤ ਸੰਦ, ਹਲ, ਪੰਜਾਲੀ, ਸੁਹਾਗਾ, ਗੱਡਾ ਆਦਿ ਦੇ ਨਾਲ-ਨਾਲ ਘਰੇਲੂ ਵਸਤਾਂ ਜਿਵੇਂ ਚਰਖਾ, ਮਧਾਣੀ, ਮੰਜਾ, ਸੰਦੂਕ ਆਦਿ ਆਉਂਦੀਆਂ ਹਨ। ਅਜੋਕੇ ਮਸ਼ੀਨੀਕਰਨ ਦੇ ਯੁੱਗ ਵਿਚ ਇਹਨਾਂ ਵਿਚੋਂ ਵਧੇਰੇ ਵਸਤਾਂ ਦੀ ਵਰਤੋਂ ਜਾਂ ਤਾਂ ਖ਼ਤਮ ਹੋ ਗਈ ਹੈ ਜਾਂ ਫਿਰ ਬਹੁਤ ਘੱਟ ਗਈ ਹੈ ਪਰ ਇਹਨਾਂ ਵਿਚੋਂ ਸੰਦੂਕ ਜਿਹੀ ਵਸਤ ਆਪਣੀ ਉਪਯੋਗਤਾ ਕਰਕੇ ਅੱਜ ਵੀ ਪੰਜਾਬੀ ਸਭਿਆਚਾਰ ਦਾ ਹਿੱਸਾ ਬਣੀ ਹੋਈ ਹੈ। ਸੰਦੂਕ ਬਣਾਉਣ ਲਈ ਮੁੱਖ ਸਮੱਗਰੀ ਵਜੋਂ ਲੱਕੜ ਦੀ ਵਰਤੋਂ ਕੀਤੀ ਜਾਂਦੀ ਹੈ। ਅਸਲ ਵਿਚ ਲੱਕੜ ਆਦਿ ਕਾਲ ਤੋਂ ਹੀ ਮਨੁੱਖ ਦੀਆਂ ਵਧੇਰੇ ਲੋੜਾਂ ਦੀ ਪੂਰਤੀ ਦਾ ਸਾਧਨ ਰਹੀ ਹੈ। ਸਮੇਂ ਦੇ ਵਿਕਾਸ ਨਾਲ ਪ੍ਰਾਪਤ ਤਜ਼ਰਬਿਆਂ ਨਾਲ ਮਨੁੱਖ ਨੇ ਇਹਨਾਂ ਵਿਚੋਂ ਕੁਝ ਰੁੱਖਾਂ ਦੀ ਪੂਜਾ ਕਰਨੀ ਆਰੰਭ ਕੀਤੀ ਜਿਸ ਵਿਚ ਤੁਲਸੀ, ਪਿੱਪਲ,

ਨਿੰਮ ਆਦਿ ਰੁੱਖ ਆਉਂਦੇ ਹਨ। ਇਹਨਾਂ ਰੁੱਖਾਂ ਨਾਲ ਸ਼ਰਧਾ ਭਾਵਨਾਵਾਂ ਜੁੜੀਆਂ ਹੋਣ ਕਾਰਨ ਇਹ ਪਵਿੱਤਰਤਾ ਦੇ ਪ੍ਰਤੀਕਾਤਮਿਕ ਅਰਥ ਗ੍ਰਹਿਣ ਕਰਦੇ ਹਨ। ਲੋਕ ਕਾਵਿ ਵੀ ਅਜਿਹੀ ਭਾਵਨਾ ਦੀ ਪ੍ਰੋੜਤਾ ਕਰਦਾ ਹੈ :

ਕੌੜੀ ਨਿੰਮ ਵੀ ਏ ਪੂਜਣ ਜੋਗੀ
ਰੱਬ ਜੀਹਦੀ ਛਾਵੇਂ ਬਹਿ ਗਿਆ।[1]

ਨਿੰਮ ਨਾਲ ਜਿੱਥੇ ਪਵਿੱਤਰਤਾ ਦੇ ਭਾਵ ਜੁੜੇ ਹੋਏ ਹਨ ਉੱਥੇ ਇਸ ਵਿਚ ਕਿਰਮ-ਨਾਸ਼ਕਤਾ ਦਾ ਗੁਣ ਵੀ ਹੈ ਜਿਸ ਕਾਰਨ ਨਿੰਮ ਦੇ ਵਿਭਿੰਨ ਭਾਗਾਂ ਨੂੰ ਔਸ਼ਧੀ ਦੇ ਰੂਪ ਵਿਚ ਵਿਭਿੰਨ ਰੋਗਾਂ ਦੇ ਇਲਾਜ ਲਈ ਵਰਤਿਆ ਜਾਂਦਾ ਹੈ ਜਿਵੇਂ ਖ਼ੂਨ ਦਾ ਵਿਗਾੜ, ਚਮੜੀ ਰੋਗ, ਕੋਹੜ, ਖਾਂਸੀ, ਬੁਖਾਰ, ਚੇਚਕ ਆਦਿ। ਨਿੰਮ ਦੇ ਇਸ ਗੁਣ ਕਾਰਨ ਇਸਨੂੰ ਘੋਟਣਾ, ਸੰਦੂਕ ਜਿਹੀਆਂ ਵਸਤਾਂ ਦੇ ਨਿਰਮਾਣ ਲਈ ਵਰਤਿਆ ਜਾਂਦਾ ਹੈ। ਪੰਜਾਬੀ ਸਭਿਆਚਾਰ ਵਿਚ ਔਰਤ ਕੇਵਲ ਨਿੰਮ ਤੋਂ ਬਣੇ ਘੋਟਣੇ ਦੀ ਹੀ ਮੰਗ ਕਰਦੀ ਹੈ :

ਨਿੰਮ ਦਾ ਲਿਆ ਦੇ ਘੋਟਣਾ
ਸੱਸ ਕੁੱਟਣੀ ਸੰਦੂਕਾਂ ਉਹਲੇ।[2]

ਲੋਕ ਕਾਵਿ ਦੀਆਂ ਇਹਨਾਂ ਸਤਰਾਂ ਦੇ ਦੋ ਪਾਸਾਰ ਦ੍ਰਿਸ਼ਟੀਗੋਚਰ ਹੁੰਦੇ ਹਨ। ਪਹਿਲਾ ਨਿੰਮ ਦੀ ਲੱਕੜ ਗੁਣਕਾਰੀ ਹੁੰਦੀ ਹੈ। ਨਿੰਮ ਤੋਂ ਬਣੇ ਘੋਟਣੇ ਨਾਲ ਕਿਸੇ ਵਸਤ ਨੂੰ ਘੋਟਣ ਨਾਲ ਇਸਦੇ ਗੁਣ ਉਸ ਵਸਤ ਵਿਚ ਚਲੇ ਜਾਂਦੇ ਹਨ। ਜਦੋਂ ਇਸ ਵਸਤ ਦਾ ਸੇਵਨ ਮਨੁੱਖ ਕਰਦਾ ਹੈ ਤਾਂ ਇਹ ਮਨੁੱਖੀ ਸਰੀਰ ਵਿਚ ਜਾ ਕੇ ਉਸਨੂੰ ਅਨੇਕ ਰੋਗਾਂ ਤੋਂ ਦੂਰ ਰੱਖਦੀ ਹੈ। ਦੂਜਾ ਜੇ ਇਹਨਾਂ ਸਤਰਾਂ ਦੇ ਚਿੰਨ੍ਹਾਂ ਦਾ ਅਧਿਐਨ ਕੀਤਾ ਜਾਵੇ ਤਾਂ ਇਹ ਪੰਜਾਬੀ ਸਭਿਆਚਾਰ ਦੇ ਰਿਸ਼ਤਾ-ਨਾਤਾ ਪ੍ਰਣਾਲੀ ਦੇ ਕਈ ਪੱਖਾਂ ਨੂੰ ਸਪੱਸ਼ਟ ਕਰਦੀਆਂ ਹਨ। ਨੂੰਹ ਵੱਲੋਂ ਸੱਸ ਨੂੰ ਕੁੱਟਣ ਦੀ ਇੱਛਾ ਇਹਨਾਂ ਦੇ ਰਿਸ਼ਤੇ ਵਿਚਲੇ ਤਣਾਅ ਨੂੰ ਸਪੱਸ਼ਟ ਕਰਦੀ ਹੈ। ਨੂੰਹ ਸੱਸ ਨੂੰ ਕੁੱਟਣਾ ਵੀ ਚਾਹੁੰਦੀ ਹੈ ਅਤੇ ਸਮਾਜ ਤੋਂ ਉਹਲਾ ਵੀ ਰੱਖਣਾ ਚਾਹੁੰਦੀ ਹੈ। ਘੋਟਣੇ ਤੋਂ ਇਲਾਵਾ ਨਿੰਮ ਨੂੰ ਸੰਦੂਕ ਬਣਾਉਣ

ਲਈ ਵੀ ਵਿਸ਼ੇਸ਼ ਰੂਪ ਵਿਚ ਵਰਤਿਆ ਜਾਂਦਾ ਹੈ। ਨਿੰਮ ਵਿਚ ਕਿਰਮ-ਨਾਸ਼ਕਤਾ ਦਾ ਗੁਣ ਹੋਣ ਕਾਰਨ ਇਸ ਲੱਕੜ ਤੋਂ ਬਣੇ ਸੰਦੂਕ ਵਿਚ ਕੀੜੇ-ਮਕੌੜੇ ਜਾਂ ਸਿਉਂਕ ਲੱਗਣ ਦਾ ਡਰ ਨਹੀਂ ਰਹਿੰਦਾ। ਇਸ ਲਈ ਨਿੰਮ ਦੀ ਲੱਕੜ ਤੋਂ ਸੰਦੂਕ ਬਣਾਉਣ ਦਾ ਜ਼ਿਕਰ ਲੋਕ ਕਾਵਿ ਵਿਚ ਮਿਲਦਾ ਹੈ :

ਨਿੰਮ ਦੇ ਸੰਦੂਕ ਵਾਲੀਏ
ਕਿਹੜੇ ਪਿੰਡ ਮੁਕਲਾਵੇ ਜਾਣਾ।

ਨਿੰਮ ਤੋਂ ਇਲਾਵਾ ਟਾਹਲੀ ਤੇ ਕਿੱਕਰ ਵੀ ਪੰਜਾਬੀ ਸਭਿਆਚਾਰ ਵਿਚ ਵਿਸ਼ੇਸ਼ ਮਹੱਤਵ ਰੱਖਦੀਆਂ ਹਨ। ਟਾਹਲੀ ਦਾ ਨਾਂ ਬਚਪਨ ਤੋਂ ਹੀ ਨਿੱਕੇ ਜਿਹੇ ਦਿਮਾਗ਼ ਦੀ ਨੁੱਕਰ ਵਿਚ ਵੱਸ ਜਾਂਦਾ ਹੈ। ਕਿਸੇ ਪਰਿੰਦੇ ਦੀ ਕੀਤੀ ਅਰਜੋਈ ਉਸਨੂੰ ਹਮੇਸ਼ਾ ਯਾਦ ਰਹਿੰਦੀ ਹੈ :

ਟਾਹਲੀ ਮੇਰੇ ਬੱਚੜੇ ਲੱਕ ਟੁਣੂ ਟੁਣੂ
ਮੀਂਹ ਪਿਆ ਭਿੱਜ ਜਾਣਗੇ, ਲੱਕ ਟੁਣੂ ਟੁਣੂ
ਨੇਰ੍ਹੀ ਆਈ ਉੱਡ ਜਾਣਗੇ, ਲੱਕ ਟੁਣੂ ਟੁਣੂ[3]

ਟਾਹਲੀ ਦਾ ਰੁੱਖ ਮਜ਼ਬੂਤ, ਸੰਘਣੇ ਪੱਤਿਆਂ ਵਾਲਾ ਹੋਣ ਕਾਰਨ ਹਰੇਕ ਮਨੁੱਖ ਨੂੰ ਠੰਡੀ ਛਾਂ ਦਿੰਦਾ ਹੈ। ਇਸਦੇ ਮਜ਼ਬੂਤ ਟਾਹਣਿਆਂ ਨਾਲ ਮੁਟਿਆਰਾਂ ਸਾਉਣ ਦੇ ਮਹੀਨੇ ਵਿਚ ਪੀਂਘਾਂ ਪਾਉਂਦੀਆਂ ਹਨ :

ਉੱਚੀਆਂ-ਲੰਮੀਆਂ ਟਾਹਲੀਆਂ
ਵਿਚ ਗੁਜਰੀ ਵਾਲੀ ਪੀਂਘ ਵੇ ਮਾਹੀਆ।[4]

ਤ੍ਰਿੰਞਣਾਂ ਵਿਚ ਚਰਖੇ ਕੱਤਦੀਆਂ, ਕਸੀਦਾਕਾਰੀ ਕਰਦੀਆਂ ਮੁਟਿਆਰਾਂ ਲੋਕ ਕਾਵਿ ਦੇ ਮਾਧਿਅਮ ਰਾਹੀਂ ਆਪਣੇ ਮਨ ਦੇ ਚਾਅ, ਅਰਮਾਨ, ਸੱਧਰਾਂ, ਵਿਛੋੜੇ ਦੇ ਅਸਹਿ ਦੁੱਖ ਨੂੰ ਪੇਸ਼ ਕਰਦੀਆਂ ਹਨ। ਇਹਨਾਂ ਵਿਚ ਟਾਹਲੀ ਦਾ ਚਿਹਨ ਔਰਤ ਦੀ ਮਾਨਸਿਕਤਾ ਵਿਚ ਪਏ ਅਨੇਕ ਭਾਵਾਂ ਨੂੰ ਰੂਪਮਾਨ ਕਰਦਾ ਹੈ :

ਕਿਤੇ ਤਾਂ ਲਾਨੀ ਆ ਟਾਹਲੀਆਂ

ਪੱਤਾ ਵਾਲੀਆਂ, ਨੀ ਮੇਰਾ ਪਤਲਾ ਮਾਹੀ
ਕਿਤੇ ਤਾਂ ਲਾਵਾਂ ਸ਼ਹਿਤੂਤ,
ਬੇਸਮਝੇ ਨੂੰ ਸਮਝ ਨਾ ਆਵੇ।[5]

ਜਿੱਥੇ ਟਾਹਲੀ ਸਮਾਜ-ਸਭਿਆਚਾਰ ਦਾ ਅੰਗ ਬਣ ਲੋਕ ਮਾਨਸਿਕਤਾ ਦੀ ਪੇਸ਼ਕਾਰੀ ਕਰਦੀ ਹੈ ਉੱਥੇ ਇਸਦੀ ਲੱਕੜ ਮਜ਼ਬੂਤ, ਲੰਮੇ ਰੇਸ਼ਿਆ ਵਾਲੀ ਤੇ ਭਾਰੀ ਹੁੰਦੀ ਹੈ ਜਿਸ ਕਾਰਨ ਇਸਨੂੰ ਨਿੱਤ ਵਰਤੋਂ ਵਿਹਾਰ ਦੀਆਂ ਵਿਭਿੰਨ ਵਸਤਾਂ ਦੇ ਨਿਰਮਾਣ ਲਈ ਉੱਤਮ ਮੰਨਿਆ ਜਾਂਦਾ ਹੈ। ਵਿਸ਼ੇਸ਼ ਤੌਰ 'ਤੇ ਕਾਲੀ ਟਾਹਲੀ ਦੀ ਲੱਕੜ ਸਭ ਤੋਂ ਉੱਤਮ ਮੰਨੀ ਜਾਂਦੀ ਹੈ :

ਬੱਲੇ ਬੱਲੇ ਬਈ ਟਾਹਲੀ ਦਾ ਸੰਦੂਕ ਬਣਦਾ
ਮੇਰੀ ਸੱਸ ਮੁਕਲਾਵੇ ਜਾਣਾ।[6]

ਟਾਹਲੀ ਦੀ ਲੱਕੜ ਵਿਚ ਵੀ ਨਿੰਮੀ-ਨਿੰਮੀ ਵਾਸ਼ਨਾ ਹੁੰਦੀ ਹੈ ਜਿਸਦੇ ਕਾਰਨ ਕੋਈ ਕੀੜਾ-ਮਕੌੜਾ ਇਸਦੇ ਨੇੜੇ ਨਹੀਂ ਆਉਂਦਾ। ਇਸ ਲਈ ਟਾਹਲੀ ਦੀ ਲੱਕੜ ਤੋਂ ਬਣੇ ਸੰਦੂਕ ਵਿਚ ਰੱਖੀਆਂ ਵਿਭਿੰਨ ਵਸਤਾਂ ਸੁਰੱਖਿਅਤ ਰਹਿੰਦੀਆਂ ਹਨ। ਦੂਸਰਾ ਟਾਹਲੀ ਦੀ ਲੱਕੜ ਵਿਚਲੇ ਰੇਸ਼ੇ ਸੰਦੂਕ ਨੂੰ ਖ਼ੂਬਸੂਰਤ ਦਿੱਖ ਪ੍ਰਦਾਨ ਕਰਦੇ ਹਨ। ਸੰਦੂਕ ਦੀ ਬਣਤਰ ਵਿਚ ਰੇਸ਼ੇ ਸਪੱਸ਼ਟ ਦਿਖਾਈ ਦਿੰਦੇ ਹਨ। ਟਾਹਲੀ ਦੀ ਲੱਕੜ ਮਜ਼ਬੂਤ ਹੋਣ ਕਾਰਨ ਇਸਤੋਂ ਬਣਿਆ ਸੰਦੂਕ ਵਧੇਰੇ ਹੰਢਣਸਾਰ ਹੁੰਦਾ ਹੈ। ਖੇਤਰੀ ਕਾਰਜ ਦੌਰਾਨ ਟਾਹਲੀ ਤੋਂ ਬਣੇ ਚਾਰ ਸੌ ਤੋਂ ਪੰਜ ਸੌ ਸਾਲ ਪੁਰਾਣੇ ਸੰਦੂਕ ਵੀ ਪ੍ਰਾਪਤ ਹੋਏ ਜੋ ਵਧੀਆ ਹਾਲਤ ਵਿਚ ਮਿਲਦੇ ਹਨ। ਟਾਹਲੀ ਦੇ ਅਜਿਹੇ ਗੁਣ ਕਾਰਨ ਇਸਨੂੰ ਵਸਤ ਨਿਰਮਾਣ ਲਈ ਉੱਤਮ ਮੰਨਿਆ ਜਾਂਦਾ ਹੈ। ਟਾਹਲੀ ਨੂੰ ਪੰਜਾਬ ਦਾ ਸਾਗਵਾਨ ਵੀ ਕਿਹਾ ਜਾਂਦਾ ਹੈ।

ਕਿੱਕਰ ਪੰਜਾਬ ਦੇ ਮਾਲਵਾ ਖੇਤਰ ਵਿਚ ਵਧੇਰੇ ਹੁੰਦੀ ਹੈ। ਇਹ ਅਜਿਹਾ ਰੁੱਖ ਹੈ ਜੋ ਮਜ਼ਬੂਤ ਰੇਸ਼ਿਆਂ ਵਾਲਾ ਤੇ ਕਾਲੇ ਰੰਗ ਵਿਚ ਹੁੰਦਾ ਹੈ। ਰੋਹੀ ਦੀ ਕਿੱਕਰ ਦਾ ਜ਼ਿਕਰ ਲੋਕ ਕਾਵਿ ਵਿਚ ਵਿਸ਼ੇਸ਼ ਰੂਪ ਨਾਲ ਹੋਇਆ ਮਿਲਦਾ ਹੈ। ਰੋਹੀ ਵਿਚ ਉੱਗੀ

ਕਿੱਕਰ ਪਾਣੀ ਦੀ ਘਾਟ ਕਾਰਨ ਵਧੇਰੇ ਕਾਲੀ ਹੁੰਦੀ ਹੈ।[7] ਇਸ ਲਈ ਰੰਗ ਦੇ ਕਾਲੇ ਵਰ ਨੂੰ ਰੋਹੀ ਦੀ ਕਾਲੀ ਕਿੱਕਰ ਨਾਲ ਤੁਲਨਾਇਆ ਗਿਆ ਹੈ :

ਮੁੰਡਾ ਰੋਹੀ ਦੀ ਕਿੱਕਰ ਤੋਂ ਕਾਲਾ
ਬਾਪੂ ਦੇ ਪਸੰਦ ਆ ਗਿਆ।[8]

ਕਿੱਕਰਾਂ ਨੂੰ ਲੱਗਦੇ ਫੁੱਲ ਵਿਭਿੰਨ ਰੋਗਾਂ ਦੇ ਇਲਾਜ ਲਈ ਵਰਤੇ ਜਾਂਦੇ ਹਨ ਜਿਵੇਂ ਲਕੋਰੀਆ।[9] ਦਰੱਖ਼ਤਾਂ ਨੂੰ ਲੱਗਦੇ ਫ਼ਲ, ਫੁੱਲ ਜਨਣ ਕਿਰਿਆ ਦੇ ਪ੍ਰਤੀਕ ਬਣਦੇ ਹਨ ਜਿਸਦਾ ਜ਼ਿਕਰ ਲੋਕ ਕਾਵਿ ਵਿਚ ਮਿਲਦਾ ਹੈ :

ਬੇਰੀਆਂ ਨੂੰ ਬੇਰ ਲੱਗ ਗਏ
ਤੈਨੂੰ ਕੁਝ ਨਾ ਲੱਗਾ ਮੁਟਿਆਰੇ

ਜਾਂ

ਕਿੱਕਰਾਂ ਨੂੰ ਫੁੱਲ ਲੱਗ ਗਏ
ਤੈਨੂੰ ਕੁਝ ਨਾ ਲੱਗਾ ਮੁਟਿਆਰੇ।[10]

ਕਿੱਕਰ ਅਤੇ ਬੇਰੀ ਦੋਵੇਂ ਦਰੱਖ਼ਤ ਅਜਿਹੇ ਹਨ ਜਿੰਨ੍ਹਾਂ ’ਤੇ ਕੰਡਿਆਂ ਦੀ ਭਰਮਾਰ ਹੁੰਦੀ ਹੈ ਪਰ ਇਸਦੇ ਬਾਵਜੂਦ ਨਿੱਕੇ ਪੀਲੇ ਫੁੱਲਾਂ ਨਾਲ ਭਰੀ ਕਿੱਕਰ, ਪੀਲੇ, ਲਾਲ ਬੇਰਾਂ ਨਾਲ ਲੱਦੀਆਂ ਬੇਰੀਆਂ ਵਿਸ਼ੇਸ਼ ਆਕਰਸ਼ਣ ਦਾ ਕੇਂਦਰ ਬਣਦੀਆਂ ਹਨ। ਇਹਨਾਂ ਰੁੱਖਾਂ ਦੀ ਵਿਸ਼ੇਸ਼ਤਾ ਦਾ ਕਾਰਨ ਉਪਜਾਇਕ ਸ਼ਕਤੀ ਨੂੰ ਵੀ ਮੰਨਿਆ ਜਾ ਸਕਦਾ ਹੈ। ਇਸ ਕਰਕੇ ਲੋਕ ਮਾਨਸਿਕਤਾ ਵਿਚ ਬਾਂਝ ਔਰਤ ਦੇ ਮੁਕਾਬਲੇ ਇਹਨਾਂ ਦਰੱਖ਼ਤਾਂ ਦੀ ਵਧੇਰੇ ਅਹਿਮੀਅਤ ਹੈ।

ਪੰਜਾਬੀ ਸਭਿਆਚਾਰ ਵਿਚ ਕੁੜੀ ਲਈ ਦਾਜ ਬਣਾਉਣ ਦੀ ਪ੍ਰਕਿਰਿਆ ਉਸਦੇ ਜਨਮ ਤੋਂ ਹੀ ਸ਼ੁਰੂ ਹੋ ਜਾਂਦੀ ਹੈ। ਨਾਨੀ, ਦਾਦੀ, ਮਾਂ ਉਸ ਲਈ ਗਹਿਣੇ, ਕੱਪੜੇ, ਦਰੀਆਂ, ਚਾਦਰਾਂ ਆਦਿ ਵਸਤਾਂ ਬਣਾਉਣ ਬਾਰੇ ਸ਼ੁਰੂ ਤੋਂ ਹੀ ਸੁਚੇਤ ਹੁੰਦੀਆਂ ਹਨ। ਦੂਸਰੇ ਪਾਸੇ ਦਾਦਾ, ਪਿਤਾ ਵੀ ਦਾਜ ਵਿਚ ਦਿੱਤੇ ਜਾਣ ਵਾਲੇ ਪਲੰਘ-ਪੀੜੇ, ਸੰਦੂਕ

ਜਿਹੀਆਂ ਵਸਤਾਂ ਤਿਆਰ ਕਰਨ ਵਾਸਤੇ ਘਰਾਂ ਦੇ ਖੁੱਲ੍ਹੇ ਵਿਹੜਿਆਂ ਜਾਂ ਖੇਤਾਂ ਵਿਚ ਇਸ ਮੰਤਵ ਦੀ ਪੂਰਤੀ ਲਈ ਕਿੱਕਰ ਜਾਂ ਟਾਹਲੀ ਜਿਹੇ ਦਰੱਖ਼ਤ ਲਗਾਉਂਦੇ ਹਨ।

ਛੇਤੀ-ਛੇਤੀ ਵੱਧ ਕਿੱਕਰੇ
ਮੇਰੇ ਦਾਜ ਦਾ ਸੰਦੂਕ ਬਣਾਉਣਾ।[11]

ਪੰਜਾਬ ਮੈਦਾਨੀ ਇਲਾਕਾ ਹੋਣ ਕਾਰਨ ਖੇਤੀਬਾੜੀ ਇੱਥੋਂ ਦਾ ਮੁੱਖ ਕਿੱਤਾ ਰਿਹਾ ਹੈ। ਕਿਸਾਨਾਂ ਦੁਆਰਾ ਖੇਤੀਬਾੜੀ ਦੇ ਕੰਮ ਲਈ ਵਿਭਿੰਨ ਸੰਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਹਨਾਂ ਦੀ ਮੁਰੰਮਤ ਲਈ ਅਨੇਕ ਛੋਟੇ-ਵੱਡੇ ਔਜ਼ਾਰ ਕਿਸਾਨਾਂ ਕੋਲ ਮੌਜੂਦ ਹੁਦੇ ਹਨ ਜਿਸ ਵਿਚ ਪਲਾਸ, ਪੇਚਕੱਸ, ਹਥੌੜੀ ਆਦਿ ਆਉਂਦੇ ਹਨ। ਇਹਨਾਂ ਔਜ਼ਾਰਾਂ ਦੀ ਸਾਂਭ-ਸੰਭਾਲ ਲਈ ਲੱਕੜ ਦੀਆਂ ਬਣੀਆਂ ਸੰਦੂਕੜੀਆਂ ਵਰਤੀਆਂ ਜਾਂਦੀਆਂ ਹਨ। ਇਹ ਬਕਸੇ ਦੇ ਆਕਾਰ ਦੀਆਂ ਹੁੰਦੀਆਂ ਹਨ ਜਿੰਨ੍ਹਾਂ ਵਿਚ ਢੱਕਣ/ਦਰਵਾਜ਼ਾ ਸਿਰੇ ਉਪਰ ਲੱਗਾ ਹੁੰਦਾ ਹੈ ਜਿਸ ਰਾਹੀਂ ਔਜ਼ਾਰਾਂ ਨੂੰ ਇਸ ਵਿਚ ਰੱਖਿਆ ਜਾਂਦਾ ਹੈ। ਇਹਨਾਂ ਵਿਚ ਰੱਖੇ ਔਜ਼ਾਰ ਸੁਰੱਖਿਅਤ ਰਹਿੰਦੇ ਹਨ ਅਤੇ ਆਸਾਨੀ ਨਾਲ ਮਿਲ ਜਾਂਦੇ ਹਨ।

ਪੰਜਾਬੀ ਸਭਿਆਚਾਰ ਵਿਚ ਸੰਦੂਕ ਦੀ ਵਰਤੋਂ ਤਕਰੀਬਨ ਹਰ ਘਰ ਪਰਿਵਾਰ ਵਿਚ ਕੀਤੀ ਜਾਂਦੀ ਹੈ ਪਰ ਇਹਨਾਂ ਸੰਦੂਕਾਂ ਦੀ ਬਣਤਰ ਵਿਚ ਬੜੀ ਵਿਭਿੰਨਤਾ ਮਿਲਦੀ ਹੈ। ਇਸ ਪਿੱਛੇ ਮਨੁੱਖ ਜਾਂ ਘਰ ਪਰਿਵਾਰ ਦੀ ਆਰਥਿਕ ਸਥਿਤੀ ਕਾਰਜਸ਼ੀਲ ਹੁੰਦੀ ਹੈ। ਹਰੇਕ ਸਮਾਜ ਵਿਚ ਰਹਿੰਦੇ ਮਨੁੱਖਾਂ ਦੀ ਆਰਥਿਕਤਾ ਇਕ ਸਮਾਨ ਨਹੀਂ ਹੁੰਦੀ ਜਿਸ ਕਾਰਨ ਉਹਨਾਂ ਦੁਆਰਾ ਵਰਤੀਆਂ ਜਾਂਦੀਆਂ ਵਸਤਾਂ ਵੀ ਆਰਥਿਕਤਾ ਦੇ ਅਨੁਸਾਰੀ ਹੁੰਦੀਆਂ ਹਨ। ਕਿਸੇ ਸਮੇਂ ਖੇਤੀਬਾੜੀ ਨੂੰ ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਵਜੋਂ ਜਾਣਿਆ ਜਾਂਦਾ ਰਿਹਾ ਸੀ ਪਰ ਇਹ ਕਿੱਤਾ ਵਧੇਰੇ ਲਾਹੇਵੰਦ ਨਹੀਂ ਸੀ ਜਾਂ ਦੂਸਰੇ ਸ਼ਬਦਾਂ ਵਿਚ ਇਸ ਕਿੱਤੇ ਨਾਲ ਜੁੜੇ ਲੋਕਾਂ ਦੀ ਆਰਥਿਕ ਸਥਿਤੀ ਵਧੇਰੇ ਚੰਗੀ ਨਹੀਂ ਸੀ। ਇਸ ਦਾ ਇਕ ਕਾਰਨ ਇਹ ਹੈ ਕਿ ਵਧੇਰੇ ਗਿਣਤੀ ਉਹਨਾਂ ਲੋਕਾਂ ਦੀ ਸੀ ਜਿੰਨ੍ਹਾਂ ਕੋਲ ਜ਼ਮੀਨ ਬਹੁਤ ਘੱਟ ਮਾਤਰਾ ਵਿਚ ਸੀ। ਵਧੇਰੇ ਜ਼ਮੀਨ ਦਾ ਮਾਲਕ

ਜਗੀਰਦਾਰ ਵਰਗ ਸੀ ਜੋ ਬਹੁਤ ਥੋੜ੍ਹਾ ਸੀ। ਸੋ ਬਹੁ-ਗਿਣਤੀ ਵਿਚ ਲੋਕ ਸਧਾਰਨ ਆਰਥਿਕਤਾ ਦੇ ਮਾਲਕ ਸਨ। ਅਜਿਹੇ ਲੋਕਾਂ ਦੀ ਰਹਿਣੀ-ਬਹਿਣੀ ਅਤਿ ਸਧਾਰਨ ਤੇ ਸੀਮਿਤ ਲੋੜਾਂ ਵਾਲੀ ਸੀ ਕਿਉਂਕਿ ਉਹਨਾਂ ਕੋਲ ਇਹਨਾਂ ਲੋੜਾਂ ਦੀ ਪੂਰਤੀ ਦੇ ਸਾਧਨ ਵਧੇਰੇ ਨਹੀਂ ਸਨ। ਦੂਸਰਾ ਪੁਰਾਤਨ ਪੰਜਾਬ ਵਿਚ ਜਦੋਂ ਸਿੰਚਾਈ ਦੇ ਸਾਧਨ ਏਨੇ ਵਿਕਸਿਤ ਨਹੀਂ ਸਨ ਹੋਏ ਤਾਂ ਬਹੁਤੀ ਵਾਰੀ ਖੇਤੀਬਾੜੀ ਵਰਖਾ 'ਤੇ ਹੀ ਨਿਰਭਰ ਹੁੰਦੀ ਸੀ। ਸੋ ਇਸ ਕਾਰਨ ਸਧਾਰਨ ਕਿਸਾਨਾਂ ਨੂੰ ਆਰਥਿਕ ਤੰਗੀਆਂ ਦਾ ਸਾਹਮਣਾ ਕਰਨਾ ਪੈਂਦਾ ਸੀ। ਅਜਿਹੀ ਸਥਿਤੀ ਵਿਚ ਉਹਨਾਂ ਦੇ ਘਰ ਮਕਾਨ ਤੋਂ ਲੈ ਕੇ ਵਰਤੋਂ ਵਿਹਾਰ ਦੀਆਂ ਵਸਤਾਂ ਵੀ ਸਧਾਰਨ ਹੀ ਹੁੰਦੀਆਂ ਸਨ। ਘਰ ਅਕਸਰ ਕੱਚੇ ਹੁੰਦੇ ਸਨ। ਇਸ ਸਮੇਂ ਦੌਰਾਨ ਸੰਦੂਕ ਜਿਹੀ ਵਸਤ ਕੇਵਲ ਚੰਗੀ ਆਰਥਿਕਤਾ ਵਾਲੇ ਲੋਕਾਂ ਦੇ ਘਰਾਂ ਦਾ ਹੀ ਸ਼ਿੰਗਾਰ ਸੀ। ਖ਼ਾਸ ਤੌਰ 'ਤੇ ਵਿਭਿੰਨ ਤਕਨੀਕਾਂ ਨਾਲ ਤਿਆਰ ਕੀਤੇ ਕਲਾਤਮਕ ਸੰਦੂਕ। ਸਧਾਰਨ ਘਰਾਂ ਵਿਚ ਜੇਕਰ ਸੰਦੂਕਾਂ ਦੀ ਵਰਤੋਂ ਹੁੰਦੀ ਵੀ ਸੀ ਤਾਂ ਉਹ ਬਕਸਾਨੁਮਾ ਸੰਦੂਕ ਹੀ ਹੁੰਦੇ ਸਨ ਜੋ ਕੇਵਲ ਕੁਝ ਵਸਤਾਂ ਦੀ ਸੰਭਾਲ ਲਈ ਹੀ ਵਰਤੇ ਜਾਂਦੇ ਸਨ। ਸਮੇਂ ਦੇ ਵਿਕਾਸ ਨਾਲ ਖੇਤੀਬਾੜੀ ਵਿਚ ਨਵੀਆਂ ਤਕਨੀਕਾਂ ਦੀ ਵਰਤੋਂ ਕੀਤੀ ਜਾਣ ਲੱਗੀ ਜਿਸ ਨਾਲ ਲੋਕਾਂ ਦੀ ਆਰਥਿਕ ਸਥਿਤੀ ਵਿਚ ਸੁਧਾਰ ਹੋਇਆ। ਕੱਚੇ ਮਿੱਟੀ ਦੇ ਘਰਾਂ ਦੀ ਥਾਂ ਪੱਕੀਆਂ ਇੱਟਾਂ ਦੇ ਮਕਾਨ ਬਣਨ ਲੱਗੇ। ਲੋਕਾਂ ਦੀਆਂ ਲੋੜਾਂ ਵਿਚ ਵਾਧਾ ਹੋਇਆ ਜਿੰਨ੍ਹਾਂ ਦੀ ਪੂਰਤੀ ਲਈ ਵਿਭਿੰਨ ਵਸਤਾਂ ਦੀ ਵਰਤੋਂ ਹੋਣ ਲੱਗੀ। ਇਹਨਾਂ ਨੂੰ ਸੰਭਾਲਣ ਲਈ ਸੰਦੂਕ ਵਰਤੇ ਜਾਣ ਲੱਗੇ। ਖੇਤਰੀ ਕਾਰਜ ਦੌਰਾਨ ਸਮੱਗਰੀ ਦੇ ਇਕੱਤਰੀਕਰਨ ਸਮੇਂ ਦੋ ਢਾਈ ਸੌ ਸਾਲ ਪੁਰਾਣਾ ਸੰਦੂਕ ਪ੍ਰਾਪਤ ਹੋਇਆ ਹੈ ਜੋ ਦਿੱਖ ਪੱਖੋਂ ਕਲਾਤਮਕ ਨਮੂਨਾ ਕਿਹਾ ਜਾ ਸਕਦਾ ਹੈ। ਸੰਦੂਕ ਦੀ ਮਾਲਕ ਔਰਤ ਨਾਲ ਕੀਤੀ ਗੱਲਬਾਤ ਦੌਰਾਨ ਇਹ ਜਾਣਕਾਰੀ ਮਿਲੀ ਕਿ ਇਹੋ ਜਿਹੇ ਸੰਦੂਕ ਕੋਈ ਵਿਰਲੇ ਪਰਿਵਾਰਾਂ ਵਿਚ ਹੀ ਵਰਤੇ ਜਾਂਦੇ ਸਨ। ਵਧੇਰੇ ਕਰਕੇ ਬਕਸਾਨੁਮਾ ਛੋਟੇ ਤੇ ਵੱਡੇ ਆਕਾਰ ਦੇ ਸੰਦੂਕਾਂ ਦੀ ਵਰਤੋਂ ਹੀ ਘਰਾਂ ਵਿਚ ਹੁੰਦੀ ਸੀ।[12] ਇਹਨਾਂ ਦੀ ਵਰਤੋਂ ਵੀ ਕੇਵਲ ਕੱਪੜਿਆਂ ਨੂੰ ਸੰਭਾਲਣ ਲਈ ਹੀ ਕੀਤੀ ਜਾਂਦੀ ਸੀ। ਆਕਾਰ ਪੱਖੋਂ ਛੋਟੇ ਹੋਣ

ਕਾਰਨ ਇਹਨਾਂ ਸੰਦੂਕਾਂ ਵਿਚ ਵਧੇਰੇ ਵਸਤਾਂ ਸੰਭਾਲਣ ਦੀ ਸਮਰੱਥਾ ਨਹੀਂ ਹੁੰਦੀ ਸੀ। ਏਥੇ ਇਹ ਤਾਂ ਨਹੀਂ ਕਿਹਾ ਜਾ ਸਕਦਾ ਕਿ ਇਹਨਾਂ ਤੋਂ ਪਹਿਲਾਂ ਸੰਦੂਕਾਂ ਦਾ ਨਿਰਮਾਣ ਬਿਲਕੁਲ ਹੀ ਨਾ ਹੋਇਆ ਹੋਵੇ। ਸ਼ਾਹੀ ਘਰਾਣਿਆਂ ਜਾਂ ਜਾਗੀਰਦਾਰ ਪਰਿਵਾਰਾਂ ਵਿਚ ਇਹਨਾਂ ਦੀ ਵਰਤੋਂ ਜ਼ਰੂਰ ਹੁੰਦੀ ਰਹੀ ਹੋਵੇਗੀ ਪਰ ਇਹ ਸਪੱਸ਼ਟ ਹੈ ਕਿ ਬਹੁ-ਗਿਣਤੀ ਅਜਿਹੇ ਸੰਦੂਕਾਂ ਦੀ ਵਰਤੋਂ ਤੋਂ ਵਾਂਝੀ ਹੀ ਸੀ। ਹੌਲੀ-ਹੌਲੀ ਸਮੇਂ ਨਾਲ ਸੰਦੂਕ ਨੂੰ ਕੱਪੜਿਆਂ, ਗਹਿਣਿਆਂ ਤੋਂ ਇਲਾਵਾ ਬਿਸਤਰਿਆਂ ਆਦਿ ਰੱਖਣ ਲਈ ਵੀ ਵਰਤਿਆ ਜਾਣ ਲੱਗਾ। ਸੋ ਅਜਿਹੀਆਂ ਲੋੜਾਂ ਦੇ ਪੈਦਾ ਹੋਣ ਨਾਲ ਸੰਦੂਕ ਦੀ ਬਣਤਰ ਵਿਚ ਵੀ ਵਿਭਿੰਨਤਾ ਮਿਲਣ ਲੱਗੀ। ਆਕਾਰ ਪੱਖੋਂ ਵੱਡੇ ਅਤੇ ਛੋਟੇ ਦੋਹਾਂ ਤਰ੍ਹਾਂ ਦੇ ਸੰਦੂਕਾਂ ਦਾ ਨਿਰਮਾਣ ਹੋਣ ਲੱਗਾ।

ਪੰਜਾਬੀ ਸਮਾਜ ਜਾਤੀਗਤ ਸਮਾਜ ਹੈ। ਅੱਜ ਤੋਂ ਕੁਝ ਦਹਾਕੇ ਪਹਿਲਾਂ ਇੱਥੋਂ ਦੇ ਲੋਕਾਂ ਦੇ ਕੰਮ ਧੰਦੇ ਜਾਤਾਂ ਨਾਲ ਹੀ ਸੰਬੰਧਿਤ ਸਨ। ਇਹਨਾਂ ਵਿਚ ਜੱਟ ਜ਼ਿਮੀਦਾਰ, ਲੋਹਾਰ, ਤਰਖਾਣ, ਘੁਮਿਆਰ ਆਦਿ ਜਾਤੀਆਂ ਤੋਂ ਇਲਾਵਾ ਇਕ ਸ਼ਾਹੂਕਾਰ ਤਬਕਾ ਵੀ ਵਿਸ਼ੇਸ਼ ਅਹਿਮੀਅਤ ਰੱਖਦਾ ਸੀ। ਕਿੱਤੇ ਪੱਖੋਂ ਇਸ ਤਬਕੇ ਦੇ ਲੋਕ ਵਪਾਰ ਆਦਿ ਨਾਲ ਸੰਬੰਧਿਤ ਸਨ ਪਰ ਪੇਂਡੂ ਸਭਿਆਚਾਰ ਵਿਚ ਸਧਾਰਨ ਲੋਕਾਂ ਦੀਆਂ ਆਰਥਿਕ ਲੋੜਾਂ ਦੀ ਪੂਰਤੀ ਲਈ ਇਹ ਤਬਕਾ ਉਹਨਾਂ ਨੂੰ ਕਰਜ਼ਾ ਵੀ ਦਿੰਦਾ ਸੀ, ਜਿਸ ਦੇ ਇਵਜ਼ਾਨੇ ਵਜੋਂ ਵਿਆਜ਼ ਲਿਆ ਜਾਂਦਾ ਸੀ ਤੇ ਕਈ ਵਾਰ ਜ਼ਮੀਨਾਂ ਜਾਂ ਕੀਮਤੀ ਵਸਤਾਂ (ਸੋਨੇ) ਨੂੰ ਵੀ ਗਹਿਣੇ ਪਾ ਦਿੱਤਾ ਜਾਂਦਾ ਸੀ। ਕਰਜ਼ੇ ਨੂੰ ਨਿਸ਼ਚਿਤ ਸਮੇਂ 'ਤੇ ਵਾਪਸ ਨਾ ਕਰ ਸਕਣ ਦੀ ਸਥਿਤੀ ਵਿਚ ਜ਼ਮੀਨ ਜਾਂ ਗਹਿਣੇ ਸ਼ਾਹੂਕਾਰ ਦੇ ਕਬਜ਼ੇ ਵਿਚ ਆ ਜਾਂਦੇ ਸਨ ਜੋ ਉਸਦੀ ਮਲਕੀਅਤ ਬਣ ਜਾਂਦੇ ਸਨ। ਇਹ ਕਰਜ਼ਾ ਅਕਸਰ ਹੜ੍ਹ ਜਾਂ ਸੋਕੇ ਕਾਰਨ, ਕਿਸੇ ਬਿਮਾਰੀ ਸਮੇਂ ਜਾਂ ਵਿਆਹ ਆਦਿ ਜਿਹੇ ਮੌਕਿਆਂ 'ਤੇ ਲਿਆ ਜਾਂਦਾ ਸੀ। ਪੰਜਾਬੀ ਸਮਾਜ ਵਿਚ ਕੁੜੀ ਦੇ ਵਿਆਹ ਸਮੇਂ ਦਾਜ ਦੇ ਰੂਪ ਵਿਚ ਉਸਨੂੰ ਕੱਪੜੇ, ਗਹਿਣੇ, ਘਰੇਲੂ ਵਰਤੋਂ ਦੀਆਂ ਲੋੜੀਂਦੀਆਂ ਵਸਤਾਂ ਦਿੱਤੀਆਂ ਜਾਂਦੀਆਂ ਸਨ। ਇਹਨਾਂ ਵਿਚੋਂ ਸੰਦੂਕ ਅਤਿ ਲੋੜੀਂਦੀ ਵਸਤ ਸੀ। ਮਾੜੀ ਆਰਥਿਕ ਸਥਿਤੀ ਵਾਲਾ ਘਰ ਪਰਿਵਾਰ ਵੀ

ਕੁੜੀ ਨੂੰ ਦਾਜ ਵਿਚ ਸੰਦੂਕ ਦੇਣਾ ਜ਼ਰੂਰੀ ਸਮਝਦਾ ਸੀ। ਪੰਜਾਬੀ ਲੋਕ ਮਾਨਸਿਕਤਾ ਵਿਚ ਇਹ ਗੱਲ ਏਨੀ ਡੂੰਘੀ ਸਮਾਈ ਹੋਈ ਸੀ ਕਿ ਜੇ ਕਿਸੇ ਸਥਿਤੀ ਵਿਚ ਕੁੜੀ ਨੂੰ ਦਾਜ ਵਿਚ ਸੰਦੂਕ ਨਹੀਂ ਦਿੱਤਾ ਜਾਂਦਾ ਸੀ ਤਾਂ ਲੜਕੀ ਪਰਿਵਾਰ ਨੂੰ ਸਮਾਜਿਕ ਤਾਹਨਿਆਂ ਦਾ ਸ਼ਿਕਾਰ ਹੋਣਾ ਪੈਂਦਾ ਸੀ :

> ਗੱਡਾ ਆ ਗਿਆ ਸੰਦੂਕੋਂ ਖਾਲੀ
> ਨੀ ਬਹੁਤਿਆਂ ਭਰਾਵਾਂ ਵਾਲੀਏ।[13]

ਇਸ ਸਥਿਤੀ ਤੋਂ ਬਚਣ ਲਈ ਅਕਸਰ ਸ਼ਾਹੂਕਾਰਾਂ ਤੋਂ ਕਰਜ਼ਾ ਚੁੱਕੇ ਕੇ ਵੀ ਪਿਤਾ/ਭਰਾ ਆਪਣੀ ਧੀ/ਭੈਣ ਨੂੰ ਦਾਜ ਵਿਚ ਸੰਦੂਕ ਦੇਣਾ ਜ਼ਰੂਰੀ ਸਮਝਦਾ ਸੀ :

> ਮੇਰੇ ਵੀਰ ਨੇ ਸੰਦੂਕ ਬਣਵਾਇਆ
> ਬਾਪ ਕਰਜ਼ਾਈ ਹੋ ਗਿਆ।[14]

ਲੋਕ ਕਾਵਿ ਦੀਆਂ ਅਜਿਹੀਆਂ ਸਤਰਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ। ਇਸ ਪਿੱਛੇ ਜਿੱਥੇ ਆਰਥਿਕਤਾ ਮੁੱਖ ਕਾਰਨ ਬਣਦੀ ਹੈ ਉੱਥੇ ਲੋਕ ਲਾਜ ਜਾਂ ਸਮਾਜਿਕ ਮਾਣ ਦੀ ਪ੍ਰਾਪਤੀ ਲਈ ਵੀ ਅਜਿਹਾ ਕੀਤਾ ਜਾਂਦਾ ਸੀ। ਪੇਕੇ ਪਰਿਵਾਰ ਵੱਲੋਂ ਲੋਕਾਚਾਰ ਕਾਰਨ ਕਰਜ਼ਾ ਚੁੱਕੇ ਕੇ ਸੰਦੂਕ ਦਾਜ ਵਿਚ ਦਿੱਤਾ ਜਾਂਦਾ ਸੀ। ਕਰਜ਼ੇ ਹੇਠ ਦੱਬੇ ਕਈ ਪਰਿਵਾਰਾਂ ਕੋਲ ਏਨੀ ਸਮਰੱਥਾ ਨਹੀਂ ਹੁੰਦੀ ਸੀ ਕਿ ਉਹ ਹੋਰ ਕਰਜ਼ਾ ਲੈ ਸਕਣ ਜਿਸ ਕਾਰਨ ਧੀਆਂ ਦੇ ਮੁਕਲਾਵੇ ਵੀ ਅੱਗੇ ਪਾ ਦਿੱਤੇ ਜਾਂਦੇ ਸਨ :

> ਆਉਂਦੀ ਸਾਉਣੀ ਤੋਂ ਦਉ ਮੁਕਲਾਵਾ
> ਨੱਤੀਆਂ ਦੀ ਪਹੁੰਚ ਨਹੀਂ।[15]

ਭਾਰਤੀ ਮਰਦ ਪ੍ਰਧਾਨ ਸਮਾਜ ਵਿਚ ਔਰਤ ਦੀ ਸਥਿਤੀ ਦੁਜੈਲੀ ਹੈ। ਮਰਦ ਔਰਤ ਨੂੰ ਹਮੇਸ਼ਾ ਨਿਰਭਰਤਾ ਦੀ ਸਥਿਤੀ ਵਿਚ ਰੱਖਣਾ ਉਚਿਤ ਸਮਝਦਾ ਹੈ। ਉਹਨਾਂ ਦੁਆਰਾ ਸਮਾਜਿਕ ਪ੍ਰਬੰਧ ਨੂੰ ਵਿਵਸਥਿਤ ਤਰੀਕੇ ਨਾਲ ਚਲਾਉਣ ਲਈ ਨੇਮ ਵਿਧਾਨ ਹੋਂਦ ਵਿਚ ਲਿਆਂਦਾ ਗਿਆ ਜਿਹੜਾ ਕੇਵਲ ਔਰਤ ਦੇ ਵਿਰੋਧ ਵਿਚ ਹੀ ਨਹੀਂ ਜਾਂਦਾ ਸਗੋਂ ਉਸਨੂੰ ਮਰਦ ਨਾਲੋਂ ਨਿਮਨ ਸਥਿਤੀ ਵਿਚ ਖੜ੍ਹਾ ਕਰ ਦਿੰਦਾ ਹੈ। ਭਾਵੇਂ ਮਰਦ ਤੇ

ਔਰਤ ਦੀਆਂ ਬੁਨਿਆਦੀ ਲੋੜਾਂ ਸਮਾਨ ਹਨ ਪਰ ਔਰਤ ਵਧੇਰੇ ਬੰਦਿਸ਼ਾਂ ਭਰਪੂਰ ਜੀਵਨ ਬਤੀਤ ਕਰਦੀ ਹੈ। ਔਰਤ ਦੇ ਅਧਿਕਾਰ ਵੀ ਸੀਮਿਤ ਹਨ। ਆਧੁਨਿਕ ਸਮੇਂ ਵਿਚ ਭਾਵੇਂ ਕਾਨੂੰਨ ਦੁਆਰਾ ਔਰਤਾਂ ਨੂੰ ਮਰਦਾਂ ਦੇ ਬਰਾਬਰ ਅਧਿਕਾਰ ਦਿੱਤੇ ਗਏ ਹਨ ਪਰ ਲੋਕ ਮਾਨਸਿਕਤਾ ਇਹਨਾਂ ਨੂੰ ਸਵੀਕਾਰ ਨਹੀਂ ਕਰਦੀ। ਸਮਾਜਿਕ ਪ੍ਰਬੰਧ ਵਿਚ ਪਿਤਾ ਦੀ ਜਾਇਦਾਦ ਵਿਚ ਪੁੱਤਰ ਦਾ ਅਧਿਕਾਰ ਹੁੰਦਾ ਹੈ, ਧੀ/ਭੈਣ ਅਜਿਹੇ ਹੱਕ ਤੋਂ ਵਿਰਵੀਂ ਰਹਿੰਦੀ ਹੈ। ਸਮਾਜਿਕ ਮਰਿਯਾਦਾ ਵਿਚ ਬੱਝੀ ਹੋਈ ਧੀ ਕਦੇ ਵੀ ਪਿਤਾ ਦੀ ਜਾਇਦਾਦ ਵਿਚ ਆਪਣੇ ਹੱਕ ਦੀ ਮੰਗ ਨਹੀਂ ਕਰਦੀ। ਜੇਕਰ ਉਹ ਅਜਿਹਾ ਕਰਦੀ ਹੈ ਤਾਂ ਆਪਣੇ ਪੇਕੇ ਪਰਿਵਾਰ ਤੇ ਭਰਾਵਾਂ ਤੋਂ ਹਮੇਸ਼ਾਂ ਲਈ ਛੁੱਟ ਜਾਂਦੀ ਹੈ। ਭਰਾ ਉਸ ਦੀ ਖ਼ੁਸ਼ੀ ਤੇ ਗ਼ਮੀ ਤੋਂ ਮੁਨਕਰ ਹੋ ਜਾਂਦੇ ਹਨ। ਦੂਸਰਾ ਜਾਇਦਾਦ ਵਿਚੋਂ ਹਿੱਸੇ ਦੀ ਮੰਗ ਕਰਨ ਵਾਲੀ ਧੀ ਨੂੰ ਸਮਾਜ ਵੱਲੋਂ ਸਤਿਕਾਰ ਨਹੀਂ ਦਿੱਤਾ ਜਾਂਦਾ। ਕਾਨੂੰਨੀ ਤੌਰ 'ਤੇ ਭਾਵੇਂ ਜਾਇਦਾਦ ਦਾ ਅਧਿਕਾਰ ਧੀ ਨੂੰ ਮਿਲ ਗਿਆ ਹੈ ਪਰ ਲੋਕ ਮਾਨਸਿਕਤਾ ਪਿਤਾ-ਪੁਰਖੀ ਜਾਇਦਾਦ ਵਿਚ ਧੀ ਦੇ ਹੱਕ ਨੂੰ ਸਵੀਕਾਰ ਨਹੀਂ ਕਰਦੀ। ਅਜਿਹੀਆਂ ਪ੍ਰਸਥਿਤੀਆਂ ਔਰਤ ਨੂੰ ਉਸਦੇ ਅਧਿਕਾਰ ਤੋਂ ਵਿਰਵਾਂ ਰੱਖਦੀਆਂ ਹਨ। ਵਿਆਹ ਤੇ ਵਿਆਹ ਤੋਂ ਬਾਅਦ ਵਿਭਿੰਨ ਮੌਕਿਆਂ ਤੇ ਕੁੜੀ ਨੂੰ ਦਿੱਤੀਆਂ ਜਾਣ ਵਾਲੀਆਂ ਵਸਤਾਂ ਅਸਲ ਵਿਚ ਪਿਉ ਦੀ ਜਾਇਦਾਦ ਵਿਚੋਂ ਇਕ ਤਰ੍ਹਾਂ ਉਸ ਨੂੰ ਹਿੱਸਾ ਦੇਣ ਦਾ ਪ੍ਰਤੀਕ ਹੀ ਹੁੰਦੀਆਂ ਹਨ। ਪੁਰਾਤਨ ਪੰਜਾਬ ਵਿਚ ਲੜਕੀਆਂ ਆਪਣੇ ਦਾਜ ਦੀਆਂ ਵਸਤਾਂ ਹੱਥੀ ਤਿਆਰ ਕਰਦੀਆਂ ਸਨ। ਲੜਕੀਆਂ ਬਚਪਨ ਤੋਂ ਹੀ ਆਪਣੇ ਤੋਂ ਵਡੇਰੀ ਉਮਰ ਦੀਆਂ ਔਰਤਾਂ ਨੂੰ ਦਰੀਆਂ, ਨਾਲੇ, ਪੱਖੀਆਂ, ਮੰਜੇ ਬੁਣਦੀਆਂ, ਫੁਲਕਾਰੀਆਂ, ਚਾਦਰਾਂ ਆਦਿ ਉਪਰ ਅਨੇਕ ਆਕ੍ਰਿਤੀਆਂ ਨੂੰ ਸੱਧਰਾਂ ਤੇ ਰੀਝਾਂ ਦੇ ਧਾਗੇ ਨਾਲ ਕੱਢਦੀਆਂ ਤੇ ਤ੍ਰਿੰਝਣਾਂ ਵਿਚ ਕੱਤਦੀਆਂ ਦੇਖਦੀਆਂ ਸਨ। ਵਸਤਾਂ ਦੀ ਸਿਰਜਣਾ ਦਾ ਅਜਿਹਾ ਕਾਰਜ ਲੜਕੀਆਂ ਦੇ ਬਾਲ ਮਨ ਨੂੰ ਟੁੰਬਦਾ ਸੀ। ਹੌਲੀ-ਹੌਲੀ ਉਹਨਾਂ ਅੰਦਰ ਇਹਨਾਂ ਵਸਤਾਂ ਨੂੰ ਬਣਾਉਣ ਦੀ ਰੁਚੀ ਪੈਦਾ ਹੁੰਦੀ ਸੀ। ਜਦੋਂ ਲੜਕੀਆਂ ਜਵਾਨੀ ਦੀ ਅਵਸਥਾ ਵਿਚ ਪਹੁੰਚ ਦੀਆਂ ਸਨ ਤਾਂ ਉਹ ਆਪ ਇਹਨਾਂ ਵਸਤਾਂ ਦੀ

ਸਿਰਜਣਾ ਦੇ ਕਾਰਜ ਵਿਚ ਲੱਗ ਜਾਂਦੀਆਂ ਸਨ। ਸਿੱਖਣ ਦਾ ਜ਼ਜ਼ਬਾ ਉਹਨਾਂ ਨੂੰ ਵਸਤਾਂ ਦੀ ਸਿਰਜਣਾ ਵਿਚ ਨਿਪੁੰਨ ਬਣਾਉਂਦਾ ਸੀ। ਅਸਲ ਵਿਚ ਸਮਾਜ ਉਸ ਔਰਤ ਨੂੰ ਸੁਚੱਜੀ ਤੇ ਸਲੀਕੇ ਵਾਲੀ ਮੰਨਦਾ ਹੈ ਜੋ ਘਰੇਲੂ ਕੰਮਾਂ ਦੇ ਨਾਲ-ਨਾਲ ਇਹਨਾਂ ਕਲਾਵਾਂ ਵਿਚ ਵੀ ਨਿਪੁੰਨ ਹੋਵੇ। ਜਿਸ ਔਰਤ ਕੋਲ ਵਸਤ ਸਿਰਜਣ ਦਾ ਅਜਿਹਾ ਹੁਨਰ ਨਹੀਂ ਸੀ ਹੁੰਦਾ ਉਸਨੂੰ ਸਮਾਜਿਕ ਤਾਹਨਿਆਂ ਦਾ ਸ਼ਿਕਾਰ ਹੋਣਾ ਪੈਂਦਾ ਸੀ :

ਪੱਟ ਉਤੇ ਫੁੱਲ ਕੱਢਕੇ
ਨਾਂ ਰੱਖ ਤਾ ਫੁਲਕਾਰੀ।[16]

ਜੇ ਕੁੜੀਏ ਤੈਨੂੰ ਕੱਤਣਾ ਨਹੀਂ ਆਉਂਦਾ
ਤੂੰ ਕਾਹਦੀ ਮੁਟਿਆਰ ਕੁੜੇ
ਇਕ ਵਾਰੀ, ਅੰਦਰ ਝਾਤੀ ਮਾਰ ਕੁੜੇ।[17]

ਸਮਾਜ ਵਿਚਲੇ ਲੋਕਾਂ ਦੀ ਅਜਿਹੀ ਮਾਨਸਿਕਤਾ ਕਾਰਨ ਮਾਂ ਦੀ ਆਪਣੀ ਧੀ ਨੂੰ ਇਹਨਾਂ ਕਲਾਵਾਂ ਵਿਚ ਨਿਪੁੰਨ ਬਣਾਉਣ ਦੀ ਜ਼ਿੰਮੇਵਾਰੀ ਹੋਰ ਵੀ ਵੱਧ ਜਾਂਦੀ ਸੀ। ਇਸ ਲਈ ਔਰਤ ਦੀ ਇਹਨਾਂ ਕਲਾਵਾਂ ਵਿਚ ਪਰਪੱਕਤਾ ਨੂੰ ਜ਼ਰੂਰੀ ਸਮਝਿਆ ਜਾਂਦਾ ਸੀ। ਸਹੁਰੇ ਘਰ ਵੀ ਅਜਿਹੇ ਹੁਨਰ ਵਾਲੀ ਔਰਤ ਨੂੰ ਵਿਸ਼ੇਸ਼ ਮਾਣ ਤੇ ਸਤਿਕਾਰ ਪ੍ਰਾਪਤ ਹੁੰਦਾ ਸੀ। ਦਾਜ ਦੀਆਂ ਵਿਭਿੰਨ ਵਸਤਾਂ ਜਿੱਥੇ ਜ਼ਰੂਰਤਾਂ ਦੀ ਪੂਰਤੀ ਦਾ ਸਾਧਨ ਸਨ ਉੱਥੇ ਰਿਸ਼ਤਾ-ਨਾਤਾ ਪ੍ਰਣਾਲੀ ਵਿਚ ਵਿਸ਼ੇਸ਼ ਭਾਵਨਾਤਮਕ ਸਾਂਝ ਵਿਚ ਬੱਝੇ ਰਿਸ਼ਤਿਆਂ ਦੇ ਮੋਹ ਨੂੰ ਪ੍ਰਗਟਾਉਣ ਦੀ ਸੰਚਾਰ ਜੁਗਤ ਵੀ ਸਨ। ਮਿਸਾਲ ਦੇ ਤੌਰ 'ਤੇ ਵਿਆਹ ਸਮੇਂ ਨਾਨੀ ਵੱਲੋਂ ਦੋਹਤੀ ਨੂੰ ਵਿਸ਼ੇਸ਼ ਤੌਰ 'ਤੇ ਦਿੱਤੀ ਜਾਂਦੀ ਚੋਪ ਦੀ ਫੁਲਕਾਰੀ ਅਜਿਹੀ ਸਾਂਝ ਨੂੰ ਰੂਪਮਾਨ ਕਰਦੀ ਸੀ। ਮਾਂ-ਬਾਪ ਦਾ ਪਿਆਰ, ਮੋਹ ਤੇ ਬਜ਼ੁਰਗਾਂ ਦੀਆਂ ਅਸੀਸਾਂ ਵਸਤਾਂ ਦੇ ਰੂਪ ਵਿਚ ਔਰਤ ਨੂੰ ਮਿਲਦੀਆਂ ਸਨ। ਇਹਨਾਂ ਵਸਤਾਂ ਨੂੰ ਸੰਦੂਕ ਵਿਚ ਰੱਖ ਕੇ ਔਰਤ ਸਹੁਰੇ ਘਰ ਲੈ ਜਾਂਦੀ ਸੀ। ਇਸ ਲਈ ਔਰਤ ਦੀ ਸੰਦੂਕ ਨਾਲ ਵਿਸ਼ੇਸ਼ ਭਾਵਨਾਤਮਕ ਸਾਂਝ ਜੁੜ ਜਾਂਦੀ ਸੀ। ਸਹੁਰੇ ਘਰ ਪ੍ਰਤੀ ਜਿੱਥੇ ਔਰਤ ਦੇ ਮਨ ਵਿਚ ਅਨੇਕ ਸੁਪਨੇ ਹੁੰਦੇ ਹਨ ਉੱਥੇ ਡਰ ਤੇ ਸੰਸੇ ਵੀ ਉਸਦੀ

ਮਾਨਸਿਕਤਾ ਵਿਚ ਮੌਜੂਦ ਹੁੰਦੇ ਹਨ। ਸਹੁਰੇ ਘਰ ਵਿਚ ਔਰਤ ਦੇ ਹੱਕ ਘੱਟ ਤੇ ਜ਼ਿੰਮੇਵਾਰੀਆਂ ਵਧੇਰੇ ਹੁੰਦੀਆਂ ਹਨ। ਸਹੁਰੇ ਘਰ ਦੇ ਨਵੇਂ ਮਾਹੌਲ ਵਿਚ ਅਨੇਕ ਜ਼ਿੰਮੇਵਾਰੀਆਂ ਹੇਠ ਦੱਬੀ ਹੋਈ ਔਰਤ ਜਦੋਂ ਆਪਣੇ ਆਪ ਨੂੰ ਇਕੱਲਿਆਂ ਮਹਿਸੂਸ ਕਰਦੀ ਸੀ ਤਾਂ ਉਸ ਸਮੇਂ ਸੰਦੂਕ ਜਿਹੀ ਵਸਤ ਉਸਨੂੰ ਮਾਨਸਿਕ ਸਕੂਨ ਪ੍ਰਦਾਨ ਕਰਨ ਦਾ ਸਾਧਨ ਸੀ, ਜਿਸ ਵਿਚ ਰੱਖੀਆਂ ਵਸਤਾਂ ਉਸਨੂੰ ਪਿਆਰ ਤੇ ਅਪਣੱਤ ਦਾ ਅਹਿਸਾਸ ਕਰਵਾਉਂਦੀਆਂ ਸਨ। ਇਸ ਲਈ ਔਰਤਾਂ ਆਪਣੇ ਦਾਜ ਵਿਚ ਮਿਲੇ ਸੰਦੂਕ ਨੂੰ ਹਮੇਸ਼ਾ ਸੰਭਾਲ ਕੇ ਰੱਖਦੀਆਂ ਸਨ। ਸਮੱਗਰੀ ਦੇ ਇਕੱਤਰੀਕਰਨ ਸਮੇਂ ਇਕ ਔਰਤ ਨਾਲ ਕੀਤੀ ਗੱਲਬਾਤ ਦੌਰਾਨ ਉਸਨੇ ਦੱਸਿਆ ਕਿ ਉਹ ਸੰਦੂਕ ਨੂੰ ਹਫਤੇ ਵਿਚ ਦੋ ਜਾਂ ਤਿੰਨ ਵਾਰ ਤੇਲ ਨਾਲ ਸਾਫ਼ ਕਰਦੀ ਹੈ। ਇਸ ਨਾਲ ਸੰਦੂਕ ਉਪਰ ਲੱਗੇ ਕੋਕਿਆਂ ਦੀ ਚਮਕ ਬਰਕਰਾਰ ਰਹਿੰਦੀ ਹੈ ਤੇ ਕਾਲੇ ਹੋਣ ਤੋਂ ਬਚੇ ਰਹਿੰਦੇ ਹਨ।[18] ਸੰਦੂਕ ਦੀ ਸਾਂਭ-ਸੰਭਾਲ ਦਾ ਅਜਿਹਾ ਕਾਰਜ ਔਰਤ ਦੀ ਉਸ ਨਾਲ ਜੁੜੀ ਮਾਨਸਿਕ ਸਾਂਝ ਨੂੰ ਰੂਪਮਾਨ ਕਰਦਾ ਹੈ। ਔਰਤ ਦੀ ਮਾਨਸਿਕਤਾ ਦੀਆਂ ਤੰਦਾਂ ਸੰਦੂਕ ਨਾਲ ਡੂੰਘੇ ਰੂਪ ਵਿਚ ਜੁੜੀਆਂ ਹੋਣ ਕਾਰਨ ਉਹ ਦਾਜ ਦੀਆਂ ਬਾਕੀ ਵਸਤਾਂ ਨਾਲੋਂ ਸੰਦੂਕ ਨੂੰ ਵਿਸ਼ੇਸ਼ ਅਹਿਮੀਅਤ ਦਿੰਦੀ ਹੈ। ਦੂਸਰਾ ਹਰੇਕ ਮਾਂ-ਬਾਪ ਦਾ ਅਰਮਾਨ ਹੁੰਦਾ ਹੈ ਕਿ ਧੀ ਦਾ ਵਿਆਹੁਤਾ ਜੀਵਨ ਖੁਸ਼ਹਾਲ ਹੋਵੇ ਅਤੇ ਸਹੁਰੇ ਘਰ ਵਿਚ ਉਸਨੂੰ ਮੁਸ਼ਕਲ ਨਾ ਆਵੇ। ਇਸ ਆਸ ਤਹਿਤ ਸੰਦੂਕ ਦਾਜ ਵਿਚ ਦਿੱਤੇ ਜਾਂਦੇ ਸਨ। ਇੱਥੇ ਸੰਦੂਕ ਆਸ/ਉਮੀਦ ਦੇ ਪ੍ਰਤੀਕਾਤਮਿਕ ਅਰਥਾਂ ਵਿਚ ਰੂਪਮਾਨ ਹੁੰਦਾ ਹੈ। ਕਈ ਵਾਰ ਮਾਂ ਵੱਲੋਂ ਆਪਣੇ ਦਾਜ ਦਾ ਸੰਦੂਕ ਅੱਗੋਂ ਆਪਣੀ ਧੀ ਨੂੰ ਦਿੱਤਾ ਜਾਂਦਾ ਸੀ। ਅਜਿਹਾ ਸੰਦੂਕ ਧੀ ਨੂੰ ਹਮੇਸ਼ਾ ਆਪਣੀ ਮਾਂ ਦੇ ਪਿਆਰ ਦਾ ਅਹਿਸਾਸ ਕਰਵਾਉਂਦਾ ਹੈ। ਸੰਦੂਕ ਨਾਲ ਜੁੜੇ ਅਜਿਹੇ ਮਨੁੱਖੀ ਅਹਿਸਾਸ ਇਸਨੂੰ ਆਮ ਤੋਂ ਖ਼ਾਸ ਵਸਤ ਬਣਾਉਂਦੇ ਹਨ।

ਪੁਰਾਤਨ ਪੰਜਾਬ ਵਿਚ ਖੇਤੀਬਾੜੀ ਦਾ ਸਮੁੱਚਾ ਕਾਰਜ ਹੱਥਾਂ ਅਤੇ ਸੰਦਾਂ ਦੀ ਸਹਾਇਤਾ ਨਾਲ ਕੀਤਾ ਜਾਂਦਾ ਸੀ। ਇਸਦੀ ਸਾਂਭ-ਸੰਭਾਲ ਲਈ ਵਧੇਰੇ ਲੋਕਾਂ ਦੀ ਜ਼ਰੂਰਤ ਹੁੰਦੀ ਸੀ। ਇਸ ਲਈ ਖੇਤੀਬਾੜੀ ਦੇ ਸਾਰੇ ਕੰਮ ਪਰਿਵਾਰਕ ਮੈਂਬਰਾਂ ਵੱਲੋਂ

ਰਲਕੇ ਕੀਤੇ ਜਾਂਦੇ ਸਨ ਜਿਸ ਕਾਰਨ ਪਰਿਵਾਰਾਂ ਦਾ ਸਰੂਪ ਸਾਂਝਾ ਸੀ। ਸੰਯੁਕਤ ਪਰਿਵਾਰ ਵਿਚ ਉਤਪਾਦਨ ਦੇ ਮੁੱਖ ਸਾਧਨ ਜ਼ਮੀਨ ਉਪਰ ਸਮੁੱਚੇ ਪਰਿਵਾਰ ਦਾ ਅਧਿਕਾਰ ਹੁੰਦਾ ਸੀ। ਕਈ ਪੀੜ੍ਹੀਆਂ ਆਪਸ ਵਿਚ ਮਿਲ ਕੇ ਇਕੱਠੀਆਂ ਰਹਿੰਦੀਆ ਸਨ। ਪਰਿਵਾਰ ਦਾ ਮੁਖੀ ਵੱਡੇਰਾ ਪੁਰਸ਼ ਹੁੰਦਾ ਸੀ। ਪਰਿਵਾਰ ਦੀ ਆਰਥਿਕਤਾ ਦੇ ਸ੍ਰੋਤ ਮੁਖੀ ਕੋਲ ਹੁੰਦੇ ਸਨ ਜਿੰਨ੍ਹਾਂ ਦੀ ਵਰਤੋਂ ਉਹ ਪਰਿਵਾਰਕ ਮੈਂਬਰਾਂ ਦੀ ਭਲਾਈ ਲਈ ਕਰਦਾ ਸੀ। ਘਰ ਦੀ ਜ਼ਿੰਮੇਵਾਰੀ ਬਜ਼ੁਰਗ/ਵੱਡੀ ਔਰਤ ਕੋਲ ਹੁੰਦੀ ਸੀ। ਸੁਘੜ ਸਿਆਣੀ ਔਰਤ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਸੁਹਿਰਦਤਾ ਨਾਲ ਨਿਭਾਉਂਦੀ ਸੀ। ਪਰਿਵਾਰਕ ਮੈਂਬਰਾਂ ਵਿਚ ਕਦੀ ਵੀ ਕਾਣੀ ਵੰਡ ਨਹੀਂ ਸੀ ਕੀਤੀ ਜਾਂਦੀ। ਘਰ ਦੇ ਸਮੁੱਚੇ ਕਾਰਜ ਔਰਤ ਦੀ ਦੇਖ-ਰੇਖ ਵਿਚ ਹੀ ਕੀਤੇ ਜਾਂਦੇ ਸਨ। ਸੰਯੁਕਤ ਪਰਿਵਾਰਾਂ ਵਿਚ ਮੈਂਬਰਾਂ ਦੀ ਗਿਣਤੀ ਵਧੇਰੇ ਹੋਣ ਕਰਕੇ ਉਹਨਾਂ ਦੀਆਂ ਲੋੜਾਂ ਦੀ ਪੂਰਤੀ ਦੇ ਸਾਧਨ ਵੀ ਵਧੇਰੇ ਸਨ। ਵਿਭਿੰਨ ਵਸਤਾਂ ਦੀ ਸੰਭਾਲ ਲਈ ਆਕਾਰ ਪੱਖੋਂ ਵੱਡੇ ਅਤੇ ਇਕ ਤੋਂ ਵਧੇਰੇ ਸੰਦੂਕ ਘਰਾਂ ਵਿਚ ਵਰਤੇ ਜਾਂਦੇ ਸਨ। ਇਹਨਾਂ ਘਰਾਂ ਵਿਚ ਬਣੇ ਕਮਰਿਆਂ ਦਾ ਆਕਾਰ ਵੱਡਾ ਹੋਣ ਕਾਰਨ ਸੰਦੂਕ ਜਿਹੀ ਵਸਤ ਨੂੰ ਇਹਨਾਂ ਵਿਚ ਰੱਖਣਾ ਆਸਾਨ ਸੀ। ਘਰ ਪਰਿਵਾਰ ਦੀ ਹਰੇਕ ਨੂੰਹ ਕੋਲ ਆਪਣਾ ਵੱਖਰਾ ਸੰਦੂਕ ਹੁੰਦਾ ਸੀ ਜੋ ਉਸਦੀ ਨਿੱਜੀ ਮਲਕੀਅਤ ਸੀ। ਇਸਨੂੰ ਵਰਤਣ ਦਾ ਅਧਿਕਾਰ ਕੇਵਲ ਔਰਤ ਕੋਲ ਹੀ ਹੁੰਦਾ ਸੀ ਜਦੋਂ ਕਿ ਦਾਜ ਦੀਆਂ ਬਾਕੀ ਵਸਤਾਂ ਘਰ ਪਰਿਵਾਰ ਵਿਚ ਸਾਂਝੇ ਰੂਪ ਵਿਚ ਵਰਤੀਆਂ ਜਾਂਦੀਆਂ ਸਨ। ਘਰ ਦੀ ਬਜ਼ੁਰਗ ਔਰਤ ਦੁਆਰਾ ਵਰਤਿਆ ਜਾਂਦਾ ਸੰਦੂਕ ਵਿਸ਼ੇਸ਼ ਹੁੰਦਾ ਸੀ। ਇਸ ਵਿਚ ਘਰੇਲੂ ਲੋੜਾਂ ਦੀ ਪੂਰਤੀ ਲਈ ਪੈਸੇ ਅਤੇ ਕਈ ਅਹਿਮ ਵਸਤਾਂ ਰੱਖੀਆਂ ਜਾਂਦੀਆਂ ਸਨ। ਅਜਿਹਾ ਸੰਦੂਕ ਜ਼ਿੰਮੇਵਾਰੀ ਦੀ ਭਾਵਨਾ ਦਾ ਪ੍ਰਤੀਕ ਬਣਦਾ ਹੈ। ਔਰਤ ਦੇ ਵਧੇਰੇ ਬਜ਼ੁਰਗ ਹੋਣ ਤੇ ਇਸਦੀ ਚਾਬੀ ਘਰ ਦੀ ਵੱਡੀ ਨੂੰਹ ਨੂੰ ਦਿੱਤੀ ਜਾਂਦੀ ਸੀ ਅਤੇ ਆਸ ਕੀਤੀ ਜਾਂਦੀ ਸੀ ਕਿ ਉਹ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਨਾਲ ਨਿਭਾਏ। ਸੋ ਇਸ ਪ੍ਰਕਾਰ ਜ਼ਿੰਮੇਵਾਰੀ ਦੀ ਭਾਵਨਾ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਸੰਚਾਰਿਤ ਹੁੰਦੀ ਸੀ ਪਰ ਆਧੁਨਿਕ ਸਮੇਂ

ਵਿਚ ਨਾ ਤਾਂ ਸੰਯੁਕਤ ਪਰਿਵਾਰ ਰਹੇ ਹਨ ਅਤੇ ਨਾ ਹੀ ਜ਼ਿੰਮੇਵਾਰੀ ਦੀ ਅਜਿਹੀ ਭਾਵਨਾ। ਸਵੈ-ਕੇਂਦਰਿਤ ਹੋਇਆ ਮਨੁੱਖ ਆਪਣੀਆਂ ਜ਼ਿੰਮੇਵਾਰੀਆਂ ਤੋਂ ਅਵੇਸਲਾ ਹੁੰਦਾ ਜਾ ਰਿਹਾ ਹੈ।

ਖੇਤੀਬਾੜੀ ਵਿਚ ਨਵੀਆਂ ਤਕਨੀਕਾਂ ਦੀ ਵਰਤੋਂ ਨਾਲ ਔਰਤਾਂ ਦਾ ਕਾਰਜ ਖੇਤਰ ਘੱਟ ਗਿਆ। ਪਹਿਲਾਂ ਔਰਤਾਂ ਨੂੰ ਮਰਦਾਂ ਨਾਲ ਖੇਤੀ ਦੇ ਕੰਮਾਂ ਵਿਚ ਹੱਥ ਵਟਾਉਣ ਦੇ ਨਾਲ-ਨਾਲ ਸਾਰੇ ਘਰੇਲੂ ਕੰਮ ਵੀ ਕਰਨੇ ਪੈਂਦੇ ਸਨ। ਔਰਤ ਦਾ ਸਾਰਾ ਸਮਾਂ ਰੁਝੇਵਿਆਂ ਨਾਲ ਭਰਪੂਰ ਸੀ ਪਰ ਖੇਤੀ ਦੇ ਸਾਰੇ ਕੰਮ ਨਵੀਆਂ ਤਕਨੀਕਾਂ ਨਾਲ ਹੋਣ ਕਾਰਨ ਔਰਤਾਂ ਨੂੰ ਇਸ ਕਾਰਜ ਤੋਂ ਰਾਹਤ ਮਿਲੀ। ਔਰਤਾਂ ਦੁਆਰਾ ਘਰ ਦੇ ਕੰਮਾਂ-ਕਾਰਾਂ ਤੋਂ ਵਿਹਲੇ ਹੋ ਕੇ ਆਪਣੇ ਰੂਪ ਨੂੰ ਨਿਖਾਰਨ ਤੇ ਸ਼ਿੰਗਾਰਨ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਣ ਲੱਗਾ। ਅਜਿਹੇ ਹਾਰ-ਸ਼ਿੰਗਾਰ ਦੀ ਔਰਤ ਦੇ ਜੀਵਨ ਵਿਚ ਵਿਸ਼ੇਸ਼ ਅਹਿਮੀਅਤ ਹੈ। ਹਰੇਕ ਵਰਗ ਦੀ ਔਰਤ ਅੰਦਰ ਆਪਣੇ ਰੂਪ ਨੂੰ ਨਿਖਾਰਨ ਦੀ ਰੁਚੀ ਮੌਜੂਦ ਹੁੰਦੀ ਹੈ। ਪਰ ਪੇਕੇ ਘਰ ਵਿਚ ਕੁਆਰੀ ਧੀ ਨੂੰ ਹਾਰ-ਸ਼ਿੰਗਾਰ ਕਰਨ ਦੀ ਖੁੱਲ੍ਹ ਨਹੀਂ ਦਿੱਤੀ ਜਾਂਦੀ। ਪੰਜਾਬੀ ਸਭਿਆਚਾਰ ਵਿਚ ਕੁਆਰੀ ਕੁੜੀ ਵੱਲੋਂ ਆਪਣੀ ਸੁੰਦਰਤਾ ਦਾ ਦਿਖਾਵਾ ਕਰਨਾ ਜਾਂ ਸਰੀਰਕ ਸੁੰਦਰਤਾ ਨੂੰ ਵਧਾਉਣ ਲਈ ਹਾਰ-ਸ਼ਿੰਗਾਰ ਕਰਨਾ ਅਨੈਤਿਕ ਕਰਮ ਸਮਝਿਆ ਜਾਂਦਾ ਸੀ ਪਰ ਵਿਆਹ ਤੋਂ ਬਾਅਦ ਔਰਤ ਨੂੰ ਹਾਰ-ਸ਼ਿੰਗਾਰ ਕਰਨ ਦੀ ਖੁੱਲ੍ਹ ਮਿਲ ਜਾਂਦੀ ਹੈ। ਅਜਿਹਾ ਸ਼ਿੰਗਾਰ ਉਸਦੇ ਸੁਹਾਗਣ ਹੋਣ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਔਰਤ ਵੱਲੋਂ ਕੀਤੇ ਹਾਰ-ਸ਼ਿੰਗਾਰ ਦਾ ਮਨੋਰਥ ਜਿੱਥੇ ਰੂਪ ਨੂੰ ਖ਼ੂਬਸੂਰਤ ਤੇ ਆਕਰਸ਼ਕ ਬਣਾਉਣਾ ਹੈ ਉੱਥੇ ਪਤੀ ਨੂੰ ਵੱਸ ਵਿਚ ਰੱਖਣ ਲਈ ਵੀ ਅਜਿਹਾ ਕੀਤਾ ਜਾਂਦਾ ਹੈ ਜਿਸ ਨਾਲ ਪਤੀ ਕਿਸੇ ਹੋਰ ਔਰਤ ਵੱਲ ਆਕਰਸ਼ਿਤ ਨਹੀਂ ਹੁੰਦਾ। ਹਾਰ-ਸ਼ਿੰਗਾਰ ਪਿੱਛੇ ਔਰਤ ਦੀ ਮਾਨਸਿਕਤਾ ਦਾ ਅਜਿਹਾ ਡਰ ਵੀ ਕਾਰਜਸ਼ੀਲ ਹੁੰਦਾ ਹੈ। ਹਾਰ-ਸ਼ਿੰਗਾਰ ਦੀਆਂ ਵਿਭਿੰਨ ਵਸਤਾਂ ਵਿਚ ਬਿੰਦੀ, ਕੰਘੀ, ਕਰੀਮ, ਸੁਰਖੀ, ਸੰਧੂਰ, ਦਾਤਣ, ਗਹਿਣੇ ਆਦਿ ਆਉਂਦੀਆਂ ਹਨ। ਇਹਨਾਂ ਨੂੰ ਸੰਭਾਲਣ ਲਈ ਸੰਦੂਕ ਦੀ ਹੀ ਇਕ ਵੰਨਗੀ ਸ਼ਿੰਗਾਰ ਸੰਦੂਕੜੀ ਦੀ ਵਰਤੋਂ ਕੀਤੀ ਜਾਂਦੀ ਹੈ। ਇਹ

ਸੰਦੂਕੜੀਆਂ ਆਕਰਸ਼ਕ ਤੇ ਸ਼ਿੰਗਾਰੀਆਂ ਹੋਈਆਂ ਹੁੰਦੀਆਂ ਹਨ। ਕੀਮਤੀ ਗਹਿਣਿਆਂ ਨੂੰ ਰੱਖਣ ਲਈ ਗਹਿਣਿਆਂ ਵਾਲੀ ਸੰਦੂਕੜੀ ਦੀ ਵਰਤੋਂ ਕੀਤੀ ਜਾਂਦੀ ਹੈ। ਜਿੰਨ੍ਹਾਂ ਨੂੰ ਔਰਤਾਂ ਹਮੇਸ਼ਾ ਤਾਲਾ ਲਗਾ ਕੇ ਸੁਰੱਖਿਅਤ ਥਾਂ 'ਤੇ ਰੱਖਦੀਆਂ ਹਨ। ਗਹਿਣਿਆਂ ਨੂੰ ਰੱਖਣ ਲਈ ਜਿੱਥੇ ਸੰਦੂਕੜੀਆਂ ਦੀ ਵਰਤੋਂ ਕੀਤੀ ਜਾਂਦੀ ਹੈ ਉੱਥੇ ਵੱਡੇ ਸੰਦੂਕ ਵਿਚ ਬਣਿਆ ਚੋਰ ਖ਼ਾਨਾ ਵੀ ਅਜਿਹੇ ਕਾਰਜ ਲਈ ਵਰਤਿਆ ਜਾਂਦਾ ਹੈ। ਸੰਦੂਕ ਅਤੇ ਸੰਦੂਕੜੀਆਂ ਦੀ ਵਰਤੋਂ ਨਾਲ ਸੰਬੰਧਿਤ ਅਜਿਹੇ ਪੱਖ ਇਹਨਾਂ ਨੂੰ ਵਿਸ਼ੇਸ਼ ਵਸਤ ਬਣਾਉਂਦੇ ਹਨ।

ਹਰੇਕ ਸਮਾਜ ਵਿਚ ਵਿਭਿੰਨ ਪ੍ਰਕਾਰ ਦੀਆਂ ਰਸਮਾਂ ਨਿਭਾਈਆਂ ਜਾਂਦੀਆਂ ਹਨ ਜਿੰਨ੍ਹਾਂ ਦਾ ਸੰਬੰਧਿਤ ਸਮਾਜ ਤੇ ਸਭਿਆਚਾਰ ਵਿਚ ਖ਼ਾਸ ਮਹੱਤਵ ਹੁੰਦਾ ਹੈ। ਇਹਨਾਂ ਰਸਮਾਂ ਦਾ ਪ੍ਰਵਾਹ ਜਨਮ ਤੋਂ ਲੈ ਕੇ ਮੌਤ ਤੱਕ ਚੱਲਦਾ ਰਹਿੰਦਾ ਹੈ। ਇਹ ਰਸਮਾਂ ਮਨੁੱਖ ਦੀਆਂ ਅੰਤ੍ਰੀਵ ਖਾਹਿਸ਼ਾਂ ਤੇ ਜਜ਼ਬਿਆਂ ਦੀ ਤਰਜ਼ਮਾਨੀ ਕਰਦੀਆਂ ਹਨ। ਪੰਜਾਬੀ ਸਭਿਆਚਾਰ ਵਿਚ ਬੱਚੇ ਦਾ ਜਨਮ ਇਕ ਖੁਸ਼ੀ ਭਰਿਆ ਮੌਕਾ ਹੁੰਦਾ ਹੈ। ਔਰਤ ਦੇ ਗਰਭ ਧਾਰਨ ਦੇ ਸਮੇਂ ਤੋਂ ਹੀ ਇਹਨਾਂ ਰਸਮਾਂ ਦੀ ਪਾਲਣਾ ਸ਼ੁਰੂ ਹੋ ਜਾਂਦੀ ਹੈ। ਜਿਵੇਂ ਜਣੇਪੇ ਦੌਰਾਨ ਜੇਕਰ ਬੱਚਾ ਪੈਦਾ ਹੋਣ ਵਿਚ ਸਮਾਂ ਲੱਗ ਰਿਹਾ ਹੋਵੇ ਤਾਂ ਰੋਕ ਮੰਨੀ ਜਾਂਦੀ ਹੈ। ਘਰ ਵਿਚਲੇ ਸਾਰੇ ਜਿੰਦਰੇ ਵਿਸ਼ੇਸ਼ ਰੂਪ ਵਿਚ ਦਾਜ ਦੀ ਵਸਤ ਸੰਦੂਕ ਨੂੰ ਲੱਗਾ ਜਿੰਦਰਾ ਔਰਤ ਦੇ ਹੱਥਾਂ ਨਾਲ ਖੁਲ੍ਹਵਾਇਆ ਜਾਂਦਾ ਹੈ। ਛਿਲੇ ਵਾਲੀ ਔਰਤ ਦੇ ਕੱਪੜਿਆਂ ਦੀਆਂ ਤੈਹਾਂ ਵੀ ਖੋਲ੍ਹ ਦਿੱਤੀਆਂ ਜਾਂਦੀਆਂ ਹਨ। ਇਹ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਅਜਿਹਾ ਕਰਨ ਨਾਲ ਬੱਚਾ 'ਖੁੱਲ੍ਹੇ ਦਰਵਾਜ਼ੇ' ਆਉਂਦਾ ਹੈ। ਅਰਥਾਤ ਬੱਚੇ ਨੂੰ ਬੱਚੇਦਾਨੀ ਵਿਚੋਂ ਤੋਰਨ ਦੇ ਅਮਲ ਤਹਿਤ ਇਹ ਰਸਮ ਨਿਭਾਈ ਜਾਂਦੀ ਹੈ। ਕਈ ਇਲਾਕਿਆਂ ਵਿਚ ਮਾਂਹ ਤੇ ਲੂਣ ਔਰਤ ਦੇ ਸਿਰ ਤੋਂ ਵਾਰ ਕੇ ਪੁੰਨ ਕੀਤੇ ਜਾਂਦੇ ਹਨ ਪਰ ਆਧੁਨਿਕ ਸਮੇਂ ਵਿਚ ਮੈਡੀਕਲ ਸੁਵਿਧਾਵਾਂ ਕਾਰਨ ਇਸ ਰਸਮ ਦਾ ਪ੍ਰਚੱਲਨ ਕਾਫ਼ੀ ਘੱਟ ਗਿਆ ਹੈ।[18] ਦੂਸਰਾ ਲੋਕ ਮਾਨਸਿਕਤਾ ਵਿਚ ਆਇਆ ਵਿਆਪਕ ਪਰਿਵਰਤਨ ਇਸ ਰਸਮ ਦੇ ਲੋਪ ਹੋਣ ਦਾ ਕਾਰਨ ਬਣਦਾ ਹੈ।

ਪੰਜਾਬੀ ਸਮਾਜ ਵਿਚ ਕਿਸੇ ਸਮੇਂ 'ਖੱਟ ਦੀ ਰਸਮ' ਕਾਫ਼ੀ ਪ੍ਰਚਲਿਤ ਸੀ ਜੋ ਆਧੁਨਿਕ ਸਮੇਂ ਵਿਚ ਲਗਭਗ ਖ਼ਤਮ ਹੋ ਚੁੱਕੀ ਹੈ। ਇਹ ਰਸਮ ਵਿਦਾਈ ਤੋਂ ਪਹਿਲਾਂ ਕੀਤੀ ਜਾਂਦੀ ਸੀ। ਇਸ ਰਸਮ ਵਿਚ ਮੰਜੇ ਉਤੇ ਲੜਕੀ ਧਿਰ ਵੱਲੋਂ ਦਿੱਤੇ ਜਾ ਰਹੇ ਦਾਜ ਦਾ ਦਿਖਾਵਾ ਪਾਇਆ ਜਾਂਦਾ ਸੀ ਅਤੇ ਇਕ ਹੋਰ ਮੰਜੇ ਉੱਤੇ ਵਿਆਹ ਵਾਲੇ ਲੜਕੇ ਨੂੰ ਸਤਿਕਾਰ ਨਾਲ ਬਿਠਾਇਆ ਜਾਂਦਾ ਸੀ। ''ਖੱਟ ਸ਼ਬਦ ਇਕ ਪਾਸੇ ਮਾਂ-ਬਾਪ ਦੀ ਕਮਾਈ ਵਿਚੋਂ ਲੜਕੀ ਨੂੰ ਦਿੱਤੇ ਦਾਜ ਦਾ ਸੂਚਕ ਸੀ। ਦੂਸਰੇ ਪਾਸੇ ਲਾੜ੍ਹਾ, ਲਾੜ੍ਹੀ ਤੋਂ ਇਲਾਵਾ ਉਸ ਨਾਲ ਹੋਰ ਕੀ ਖੱਟ ਕੇ ਲਿਜਾ ਰਿਹਾ ਹੈ, ਅਜਿਹੀ ਮਾਨਸਿਕਤਾ ਨੂੰ ਵੀ ਪ੍ਰਗਟਾਉਂਦਾ ਸੀ।''[19] ਜੇਕਰ ਵੇਖਿਆ ਜਾਵੇ ਤਾਂ ਇਹ ਰਸਮ ਇਕ ਤਰ੍ਹਾਂ ਨਾਲ ਪੇਕੇ ਪਰਿਵਾਰ ਦੀ ਹੈਸੀਅਤ ਦਾ ਦਿਖਾਵਾ ਹੀ ਹੁੰਦੀ ਸੀ। ਇਸ ਰਸਮ ਤੋਂ ਪੇਕੇ ਪਰਿਵਾਰ ਦੀ ਆਰਥਿਕਤਾ ਦਾ ਅਨੁਮਾਨ ਸਹਿਜੇ ਹੀ ਲਗਾਇਆ ਜਾ ਸਕਦਾ ਸੀ। ਦੂਸਰਾ ਪੇਕਾ ਪਰਿਵਾਰ ਸਮਾਜਿਕ ਮਾਣ ਅਤੇ ਸਤਿਕਾਰ ਪ੍ਰਾਪਤ ਕਰਨ ਲਈ ਦਾਜ ਵਿਚ ਹਮੇਸ਼ਾ ਵਧੀਆ ਵਸਤਾਂ ਹੀ ਦਿੰਦੇ ਸਨ। ਦਾਜ ਦੀਆਂ ਵਿਭਿੰਨ ਵਸਤਾਂ ਸੰਦੂਕ ਵਿਚ ਰੱਖੀਆਂ ਜਾਂਦੀਆਂ ਸਨ ਜਿੰਨ੍ਹਾਂ ਨੂੰ ਸੰਦੂਕ ਵਿਚੋਂ ਕੱਢ ਕੇ ਦਿਖਾਵੇ ਲਈ ਮੰਜੇ ਉਪਰ ਰੱਖਿਆ ਜਾਂਦਾ ਸੀ। ਮੰਜੇ ਉਪਰ ਰੱਖੀਆਂ ਵਿਭਿੰਨ ਵਸਤਾਂ ਵਿਚ ਸੰਦੂਕੜੀ ਇਕ ਅਹਿਮ ਵਸਤ ਸੀ ਜੋ ਪੇਕੇ ਪਰਿਵਾਰ ਵੱਲੋਂ ਲੜਕੀ ਨੂੰ ਦਿੱਤੀ ਜਾਂਦੀ ਸੀ। ਅਸਲ ਵਿਚ ਮਾਂ-ਬਾਪ ਆਪਣੀ ਧੀ ਦੇ ਵਧੀਆ ਭਵਿੱਖ ਦੀ ਆਸ ਤਹਿਤ ਦਾਜ ਵਿਚ ਵਿਭਿੰਨ ਵਸਤਾਂ ਦਿੰਦੇ ਸਨ। ਅਜਿਹੀਆਂ ਵਸਤਾਂ ਹੈਸੀਅਤ ਦੇ ਦਿਖਾਵੇ, ਮਾਣ, ਸ਼ੋਭਾ, ਆਸ ਆਦਿ ਦੀਆਂ ਪ੍ਰਤੀਕ ਬਣਦੀਆਂ ਹਨ। ਇਸ ਰਸਮ ਸਮੇਂ ਸਿੱਠਣੀਆਂ ਅਤੇ ਛੰਦ ਵੀ ਸੁਣਾਏ ਜਾਂਦੇ ਹਨ ਜੋ ਵਿਭਿੰਨ ਪ੍ਰਕਾਰ ਦੇ ਅਰਥਾਂ ਦਾ ਸੰਚਾਰ ਕਰਦੇ ਹਨ।

ਵਿਆਹ ਤੋਂ ਬਾਅਦ ਸ਼ਰੀਕੇ ਭਾਈਚਾਰੇ ਵਿਚ ਦਾਜ ਦਿਖਾਉਣ ਤੋਂ ਪਹਿਲਾਂ 'ਸੰਦੂਕ ਖੋਲ੍ਹਣ ਜਾਂ ਪੇਟੀ ਖੋਲ੍ਹਣ' ਦੀ ਰਸਮ ਨਨਾਣ ਵੱਲੋਂ ਨਿਭਾਈ ਜਾਂਦੀ ਹੈ। ਪੰਜਾਬੀ ਸਮਾਜ ਵਿਚ ਸੰਦੂਕ ਜਾਂ ਪੇਟੀ ਦਾਜ ਦੀ ਅਹਿਮ ਵਸਤ ਹੁੰਦੀ ਹੈ ਜਿਸ ਵਿਚ ਵਿਆਂਹਦੜ ਔਰਤ ਦੇ ਬਿਸਤਰੇ, ਫੁਲਕਾਰੀਆਂ, ਪੱਖੀਆਂ, ਘਰੇਲੂ ਵਰਤੋਂ ਦੇ ਬਰਤਨਾਂ ਤੋਂ

ਇਲਾਵਾ ਉਸਦੇ ਪਹਿਨਣ ਵਾਲੇ ਕੱਪੜੇ ਪਏ ਹੁੰਦੇ ਹਨ। ਵਿਆਹ ਤੋਂ ਬਾਅਦ ਇਹ ਵਸਤ ਸਹੁਰੇ ਘਰ ਦਾ ਭਾਗ ਬਣਦੀ ਹੈ ਜਿਸ ਉਪਰ ਪਤੀ ਦਾ ਹੱਕ ਹੋਣਾ ਸੁਭਾਵਿਕ ਹੀ ਹੈ ਪਰ ਇੱਥੇ ਵੀ ਭੈਣ ਆਪਣੇ ਭਰਾ ਉਪਰ ਪਹਿਲਾਂ ਵਾਲੇ ਹੱਕ ਨੂੰ ਜਤਾਉਣ ਦੀ ਕੋਸ਼ਿਸ਼ ਕਰਦੀ ਹੈ। ਪੰਜਾਬੀ ਸਮਾਜ ਵਿਚ ਭੈਣ ਭਰਾ ਦਾ ਰਿਸ਼ਤਾ ਖ਼ੂਨ ਦੀ ਸਾਂਝ ਵਾਲਾ, ਪਿਆਰ ਅਤੇ ਅਪਣੱਤ ਨਾਲ ਭਰਪੂਰ ਹੁੰਦਾ ਹੈ। ਭੈਣ ਭਰਾ ਵਿਚ ਦੁੱਖ-ਸੁੱਖ ਦੀ ਸਾਂਝ ਹੁੰਦੀ ਹੈ। ਜੇਕਰ ਸਤਹੀ ਪੱਧਰ ’ਤੇ ਇਸ ਰਸਮ ਨੂੰ ਵੇਖਿਆ ਜਾਵੇ ਤਾਂ ਇਹ ਭੈਣ ਭਰਾ ਦੇ ਆਪਸੀ ਪਿਆਰ ਤੇ ਸਾਂਝ ਦੀਆਂ ਭਾਵਨਾਵਾਂ ਨੂੰ ਹੀ ਪ੍ਰਗਟਾਉਂਦੀ ਹੈ ਪਰ ਜੇਕਰ ਮਨੋਵਿਗਿਆਨਕ ਪੱਖ ਤੋਂ ਵਾਚਿਆ ਜਾਵੇ ਤਾਂ ਚਿਹਨ ਪੱਧਰ ’ਤੇ ਇਹ ਰਸਮ ਡੂੰਘੇ ਅਰਥਾਂ ਦਾ ਸੰਚਾਰ ਕਰਦੀ ਹੈ। ਭਰਾ ਦੇ ਵਿਆਹ ਤੋਂ ਬਾਅਦ ਭਰਜਾਈ ਦੇ ਘਰ ਵਿਚ ਆਉਣ ਨਾਲ ਭੈਣ ਨੂੰ ਆਪਣਾ ਪਹਿਲਾਂ ਵਾਲਾ ਮਾਣ, ਸਤਿਕਾਰ ਖੁਸਣ ਦਾ ਡਰ ਰਹਿੰਦਾ ਹੈ। ਦੂਸਰਾ ਭੈਣ ਹੋਣ ਦੇ ਨਾਲ-ਨਾਲ ਉਹ ਇਕ ਔਰਤ ਵੀ ਹੈ ਉਸਦੇ ਮਨ ਵਿਚ ਦੂਸਰੀ ਔਰਤ ਨੂੰ ਵੇਖ ਕੇ ਈਰਖਾ ਦੀ ਭਾਵਨਾ ਪ੍ਰਬੱਲ ਹੁੰਦੀ ਹੈ। ਭੈਣ ਕਦੇ ਵੀ ਇਹ ਸਵੀਕਾਰ ਨਹੀਂ ਕਰਦੀ ਕਿ ਕੋਈ ਦੂਸਰੀ ਔਰਤ ਉਸਦਾ ਹੱਕ ਖੋਹੇ। ਪੇਟੀ ਖੁਲ੍ਹਾਈ ਦੀ ਰਸਮ ਵਿਚ ਭਰਜਾਈ ਦੇ ਕੱਪੜਿਆਂ ਵਿਚੋਂ ਆਪਣੀ ਮਰਜ਼ੀ ਦਾ ਸੂਟ ਲੈਣਾ ਇਕ ਤਰ੍ਹਾਂ ਨਾਲ ਭਰਾ ਉਪਰ ਆਪਣੇ ਹੱਕ ਦਾ ਪ੍ਰਗਟਾਵਾ ਹੀ ਹੈ।

ਪੰਜਾਬੀ ਸਭਿਆਚਾਰ ਵਿਚ ਤਿੱਥਾਂ ਤਿਉਹਾਰਾਂ ਸਮੇਂ ‘ਸੰਧਾਰਾ ਭੇਜਣ’ ਦੀ ਰਸਮ ਨਿਭਾਈ ਜਾਂਦੀ ਹੈ ਜਿਸ ਵਿਚ ਸੰਦੂਕੜੀ ਦਾ ਵਿਸ਼ੇਸ਼ ਮਹੱਤਵ ਹੈ। ਸਹੁਰਿਆਂ/ਪੇਕਿਆਂ ਵੱਲੋਂ ਔਰਤ ਨੂੰ ਕਿਸੇ ਤਿੱਥ-ਤਿਉਹਾਰ ’ਤੇ ਕੱਪੜੇ, ਗਹਿਣੇ, ਹਾਰ-ਸ਼ਿੰਗਾਰ ਦੀਆਂ ਵਸਤਾਂ ਅਤੇ ਖਾਣ-ਪੀਣ ਦਾ ਸਮਾਨ ਭੇਜਿਆ ਜਾਂਦਾ ਹੈ ਜਿਸਨੂੰ ਸੰਧਾਰਾ ਕਿਹਾ ਜਾਂਦਾ ਹੈ। ਜੇਕਰ ਔਰਤ ਪੇਕੇ ਘਰ ਹੋਵੇ ਤਾਂ ਸੰਧਾਰਾ ਸਹੁਰਿਆਂ ਵੱਲੋਂ ਭੇਜਿਆ ਜਾਂਦਾ ਹੈ ਪਰ ਜੇ ਔਰਤ ਸਹੁਰੇ ਘਰ ਹੋਵੇ ਤਾਂ ਸੰਧਾਰਾ ਪੇਕਿਆਂ ਦੁਆਰਾ ਭੇਜਿਆ ਜਾਂਦਾ ਹੈ। ਸੰਧਾਰੇ ਵਿਚਲੀਆਂ ਹਾਰ-ਸ਼ਿੰਗਾਰ ਦੀਆਂ ਵਸਤਾਂ ਅਤੇ ਗਹਿਣਿਆਂ ਨੂੰ ਸੰਦੂਕੜੀ ਵਿਚ ਰੱਖ ਕੇ

ਭੇਜਿਆ ਜਾਂਦਾ ਹੈ।[20] ਅਜਿਹੀਆਂ ਸੰਦੂਕੜੀਆਂ ਸ਼ਿੰਗਾਰੀਆਂ ਹੋਈਆਂ ਹੁੰਦੀਆਂ ਹਨ। ਇਸ ਗੱਲ ਦਾ ਜ਼ਿਕਰ ਲੋਕ ਕਾਵਿ ਵਿਚ ਮਿਲਦਾ ਹੈ :

ਮੇਰੇ ਪੇਕਿਆਂ
ਸੰਧਾਰੇ ਵਿਚ ਭੇਜੀ
ਸੰਦੂਕੜੀ ਕੋਕਿਆਂ ਜੜ੍ਹੀ।[21]

ਔਰਤਾਂ ਹਮੇਸ਼ਾ ਆਪਣੇ ਪੇਕੇ ਪਰਿਵਾਰ 'ਤੇ ਮਾਣ ਕਰਦੀਆਂ ਹਨ ਅਤੇ ਪੇਕੇ ਪਰਿਵਾਰ ਵੱਲੋਂ ਸਹੁਰੇ ਘਰ ਵਿਚ ਆਪਣੀ ਬੇਟੀ ਦੇ ਮਾਣ ਨੂੰ ਵਧਾਉਣ ਲਈ ਸੰਧਾਰੇ ਵਿਚ ਵਧੀਆ ਤੋਂ ਵਧੀਆ ਵਸਤਾਂ ਦਿੱਤੀਆਂ ਜਾਂਦੀਆਂ ਹਨ। ਸਮਾਜਿਕ ਹੈਸੀਅਤ ਦੇ ਦਿਖਾਵੇ ਲਈ ਅਜਿਹਾ ਕੀਤਾ ਜਾਂਦਾ ਹੈ। ਦੂਸਰਾ ਸਮਾਜ ਵਿਚ ਮਾਣ ਵਧਾਉਣ ਦੀ ਪ੍ਰਵਿਰਤੀ ਵੀ ਇਸ ਰਸਮ ਵਿਚ ਕਾਰਜਸ਼ੀਲ ਹੁੰਦੀ ਹੈ।

ਪੰਜਾਬ ਦੀ ਧਰਤੀ ਉਪਰ ਮਿਲਦੇ ਵੱਖ-ਵੱਖ ਕਬੀਲੇ ਆਪਣੀ ਹੋਂਦ ਦੇ ਵਿਭਿੰਨ ਪਹਿਲੂਆਂ ਕਾਰਨ ਮੁੱਖ ਸਭਿਆਚਾਰ ਨਾਲੋਂ ਵੱਖਰੀ ਪਹਿਚਾਣ ਰੱਖਦੇ ਹਨ। ਅਸਲ ਵਿਚ ''ਕਬੀਲਾ, ਇਕ ਅਜਿਹਾ ਸਮਾਜਿਕ ਸਮੂਹ ਹੁੰਦਾ ਹੈ ਜਿਸਦੀ ਇਕ ਸਾਂਝੀ ਭਾਸ਼ਾ ਹੁੰਦੀ ਹੈ, ਉਸਦਾ ਆਪਣਾ ਕਾਨੂੰਨ ਪ੍ਰਬੰਧ, ਸਾਂਝਾ ਨਾਮ 'ਤੇ ਇਲਾਕਾ, ਇਕੋ-ਜਿਹਾ ਪਹਿਰਾਵਾ, ਰਹਿਣ-ਸਹਿਣ ਅਤੇ ਸਾਂਝਾ ਵਿਰਸਾ ਹੁੰਦਾ ਹੈ।''[22] ਇਹ ਕਬੀਲੇ ਆਪਣੀਆਂ ਪਰੰਪਰਕ ਕਦਰਾਂ-ਕੀਮਤਾਂ ਤੇ ਮਾਨਤਾਵਾਂ ਨੂੰ ਵਿਸ਼ੇਸ਼ ਮਹੱਤਵ ਦਿੰਦੇ ਹਨ। ਇਹਨਾਂ ਵਿਚੋਂ ਗੁੱਜਰ ਕਬੀਲਾ ਇਕ ਹੈ। ਬੀਤ ਦੇ ਇਲਾਕੇ ਨਾਲ ਸੰਬੰਧਿਤ ਗੁੱਜਰ ਕਬੀਲੇ ਦੀਆਂ ਵਿਆਹ ਨਾਲ ਸੰਬੰਧਿਤ ਰਸਮਾਂ ਵਿਚ ਸੰਦੂਕੜੀ ਤੇ ਪੇਟੀ ਦਾ ਅਹਿਮ ਸਥਾਨ ਹੈ। ਇਸ ਕਬੀਲੇ ਵਿਚ ਮੰਗਣੀ ਤੋਂ ਇਕ ਮਹੀਨੇ ਬਾਅਦ ਵਿਚ 'ਚੜ੍ਹਾਵੇ ਦੀ ਰਸਮ' ਕੀਤੀ ਜਾਂਦੀ ਹੈ। ਇਸ ਤੋਂ ਪਹਿਲਾਂ ਪਾਂਧੇ ਕੋਲੋਂ ਦਿਨ ਤੇ ਤਾਰੀਖ ਕਢਵਾਈ ਜਾਂਦੀ ਹੈ। ਨਿਸ਼ਚਿਤ ਦਿਨ ਸ਼ਰੀਕੇ ਭਾਈਚਾਰੇ ਦੇ ਲੋਕ ਅਤੇ ਵਿਚੋਲੇ ਇਕੱਠੇ ਹੁੰਦੇ ਹਨ। ਇਹ ਰਸਮ ਕੁੜੀ ਦੇ ਸਹੁਰਿਆਂ ਵੱਲੋਂ ਨਿਭਾਈ ਜਾਂਦੀ ਹੈ। ''ਚੜ੍ਹਾਵੇ ਵਿਚ ਕੱਪੜੇ, ਗਹਿਣੇ ਤੇ ਹਾਰ ਸ਼ਿੰਗਾਰ ਦੀਆਂ ਵਸਤਾਂ ਕੁੜੀ ਨੂੰ ਦਿੱਤੀਆਂ ਜਾਂਦੀਆਂ ਹਨ। ਕੱਪੜਿਆਂ ਵਿਚ ਪੰਜ ਸੂਟ ਅਤੇ ਪੰਜ

ਗਹਿਣੇ ਰੱਖੇ ਜਾਂਦੇ ਹਨ। ਸਭ ਤੋਂ ਜ਼ਰੂਰੀ ਗਹਿਣਾ ਸਿੰਗੀ ਜਾਂ ਮਾਤਾ ਦੀ ਖੇੜ ਹੁੰਦਾ ਹੈ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਸਹੁਰਿਆਂ ਵੱਲੋਂ ਲੜਕੀ ਨੂੰ ਇਹ ਗਹਿਣਾ ਨਾ ਦੇਣ ਕਾਰਨ ਔਰਤ ਬਿਮਾਰ ਹੋ ਜਾਂਦੀ ਹੈ।''[23] ਹਾਰ-ਸ਼ਿੰਗਾਰ ਦੀਆਂ ਵਸਤਾਂ ਸੰਦੂਕੜੀ ਵਿਚ ਰੱਖ ਕੇ ਦਿੱਤੀਆਂ ਜਾਂਦੀਆਂ ਹਨ। ''ਵਸਤਾਂ ਦੀ ਗਿਣਤੀ ਸੱਤ ਜਾਂ ਇੱਕੀ ਰੱਖੀ ਜਾਂਦੀ ਹੈ ਜਿਸ ਵਿਚ ਸਾਬਣ, ਸ਼ੀਸਾ, ਦੰਦਾਸਾ, ਸੁਰਖੀ, ਕਰੀਮ, ਗੁਲਾਲੀ, ਆਦਿ ਆਉਂਦੀਆਂ ਹਨ। ਸਮਾਨ ਨੂੰ ਲਿਜਾਣ ਤੋਂ ਪਹਿਲਾਂ ਸ਼ਰੀਕੇ ਭਾਈਚਾਰੇ ਦੀਆਂ ਔਰਤਾਂ ਭਗਵਤੀ ਦੇਵੀ ਜਾਂ ਬਾਬਾ ਬਾਲਕ ਨਾਥ ਅੱਗੇ ਵਸਤਾਂ ਨੂੰ ਹੰਢਾਉਣ ਦੀ ਸੁੱਖ ਮੰਗਦੀਆਂ ਹਨ। ਇਸ ਚੜ੍ਹਾਵੇ ਦਾ ਦਿਖਾਵਾ ਲੜਕੀ ਦੇ ਘਰ ਵਿਚ ਕੀਤਾ ਜਾਂਦਾ ਹੈ।''[24] ਚੜ੍ਹਾਵੇ ਦਾ ਸਾਰਾ ਸਮਾਨ ਸ਼ਰੀਕੇ ਭਾਈਚਾਰੇ ਅਤੇ ਪੰਚਾਇਤ ਸਾਹਮਣੇ ਦਿਖਾਇਆ ਜਾਂਦਾ ਹੈ। ਲੜਕੀ ਦੇ ਦਾਜ ਵਿਚ ਪੇਕੇ ਪਰਿਵਾਰ ਵੱਲੋਂ ਵੀ ਸੰਦੂਕੜੀ ਦਿੱਤੀ ਜਾਂਦੀ ਹੈ ਜਿਸ ਵਿਚ ਸਾਬਣ, ਪਰਾਂਦਾ, ਰਿਬਨ, ਕਰੀਮ, ਸੰਧੂਰ, ਦਾਤਣ ਆਦਿ ਵਸਤਾਂ ਰੱਖੀਆਂ ਜਾਂਦੀਆਂ ਹਨ ਜੋ ਸੁਹਾਗ ਦੀਆਂ ਪ੍ਰਤੀਕ ਮੰਨੀਆਂ ਜਾਂਦੀਆਂ ਹਨ। ਸੰਦੂਕੜੀ ਤੋਂ ਇਲਾਵਾ ਦਾਜ ਦੀਆਂ ਪ੍ਰਮੁੱਖ ਵਸਤਾਂ ਵਿਚੋਂ ਪੇਟੀ ਇਕ ਹੈ ਜਿਸ ਵਿਚ ਦਾਜ ਦੀਆਂ ਤਿਆਰ ਵਿਭਿੰਨ ਵਸਤਾਂ ਨੂੰ ਰੱਖ ਕੇ ਲੜਕੀ ਸਹੁਰੇ ਘਰ ਲੈ ਜਾਂਦੀ ਹੈ। ਹਰੇਕ ਔਰਤ ਦਾ ਅਰਮਾਨ ਹੁੰਦਾ ਹੈ ਕਿ ਉਸਨੂੰ ਦਾਜ ਵਿਚ ਪੇਟੀ ਦਿੱਤੀ ਜਾਵੇ। ਅਜਿਹੀਆਂ ਸੱਧਰਾਂ ਦੀ ਪੇਸ਼ਕਾਰੀ ਕਬੀਲੇ ਨਾਲ ਸੰਬੰਧਿਤ ਲੋਕ ਕਾਵਿ ਵਿਚੋਂ ਮਿਲਦੀ ਹੈ:

ਪੇਟੀ ਤਾਂ ਲੈ ਦੇ ਬਾਪੂ ਟੱਲੇ ਰੱਖਣ ਨੂੰ
ਮੱਝ ਤਾਂ ਲੈ ਦੇ ਬਾਪੂ ਦੁੱਧ ਪੀਣ ਨੂੰ
ਹੋਰ ਕੁਝ ਨਾ ਦੇਈ ਪ੍ਰਦੇਸਣ ਨੂੰ।[25]

ਇਹਨਾਂ ਤੋਂ ਇਲਾਵਾ ਬੀਤ ਦੇ ਗੁੱਜਰ ਕਬੀਲੇ ਵਿਚ 'ਜੰਦਰਾ ਰਸਮ' ਵੀ ਮਿਲਦੀ ਹੈ। ''ਕੁੜੀ ਦੀਆਂ ਭੈਣਾਂ ਅਤੇ ਸਹੇਲੀਆਂ ਪੇਟੀ ਨੂੰ ਜਿੰਦਰਾ ਲਗਾਉਂਦੀਆਂ ਹਨ। ਲਾੜੇ ਕੋਲੋਂ ਗਿਆਰਾਂ ਰੁਪਈਏ ਲੈ ਕੇ ਪੇਟੀ ਦੀ ਚਾਬੀ ਲਾੜੇ ਨੂੰ ਦਿੱਤੀ ਜਾਂਦੀ ਹੈ।''[26] ਜਦ

ਕਿ ਪੰਜਾਬੀ ਸਭਿਆਚਾਰ ਵਿਚ ਦਾਜ ਵਿਚ ਦਿੱਤੇ ਜਾਂਦੇ ਸੰਦੂਕ ਨੂੰ ਜਿੰਦਰਾ ਨਹੀਂ ਲਗਾਇਆ ਜਾਂਦਾ।

ਪੰਜਾਬੀ ਸਮਾਜ-ਸਭਿਆਚਾਰ ਵਿਚ ਅਨੇਕ ਵਿਸ਼ਵਾਸ ਮਿਲਦੇ ਹਨ ਜਿੰਨ੍ਹਾਂ ਦਾ ਕੇਂਦਰ ਮਨੁੱਖੀ ਮਨ ਹੈ। ਇਹ ਵਿਸ਼ਵਾਸ ਮਨੁੱਖੀ ਮਨ ਦੀ ਸਹਿਜ ਪ੍ਰਵਿਰਤੀ ਦੇ ਰੂਪ ਵਿਚ ਪ੍ਰਵਾਹਮਾਨ ਹੁੰਦੇ ਹਨ। ''ਵਿਸ਼ਵਾਸ ਤੋਂ ਭਾਵ ਕਿਸੇ ਦ੍ਰਿਸ਼ਟ ਜਾਂ ਅਦ੍ਰਿਸ਼ਟ ਵਸਤੂ ਵਿਚ ਯਕੀਨ ਜਾਂ ਭਰੋਸੇ ਤੋਂ ਹੈ। ਮਨੁੱਖ ਪ੍ਰਕਿਰਤੀ ਵਿਚ ਵਾਪਰਦੀਆਂ ਘਟਨਾਵਾਂ ਤੋਂ ਆਪਣੀ ਪ੍ਰਤੱਖਣ ਸ਼ਕਤੀ ਰਾਹੀਂ ਜੋ ਪ੍ਰਭਾਵ ਗ੍ਰਹਿਣ ਕਰਦਾ ਸੀ ਉਹ ਹੀ ਲੋਕ ਵਿਸ਼ਵਾਸਾਂ ਦਾ ਆਧਾਰ ਬਣਦੇ ਗਏ। ਪ੍ਰਕਿਰਤੀ ਜਾਂ ਮਨੁੱਖੀ ਜੀਵਨ ਵਿਚ ਵਾਪਰੀ ਕਿਸੇ ਘਟਨਾ ਦਾ ਸੰਬੰਧ ਜਦੋਂ ਕਿਸੇ ਦੂਸਰੀ ਘਟਨਾ ਨਾਲ ਜੁੜ ਗਿਆ ਤਾਂ ਮਨੁੱਖ ਸਮਾਨ ਸਥਿਤੀਆਂ ਵਿਚ ਅਜਿਹੀਆਂ ਹੀ ਘਟਨਾਵਾਂ ਦੇ ਵਾਪਰਨ ਬਾਰੇ ਵਿਸ਼ਵਾਸ ਕਰਨ ਲੱਗ ਗਿਆ। ਉਸ ਨੇ ਇਕ ਘਨਟਾ ਨੂੰ ਦੂਸਰੀ ਦਾ ਕਾਰਨ ਮੰਨ ਲਿਆ।''[27] ਮਨੁੱਖ ਆਪਣੀ ਮਾਨਸਿਕਤਾ ਰਾਹੀਂ ਆਪਣੀ ਹੋਂਦ, ਨਿੱਤ ਦੇ ਕਾਰ-ਵਿਹਾਰਾਂ ਅਤੇ ਪ੍ਰਕਿਰਤਕ ਵਰਤਾਰਿਆਂ ਨਾਲ ਸੰਬੰਧਿਤ ਅਨੇਕ ਵਿਸ਼ਵਾਸ ਘੜਦਾ ਹੈ। ਅਜਿਹੇ ਵਿਸ਼ਵਾਸ ਸਮੂਹ ਦੀ ਮਾਨਸਿਕਤਾ ਨਾਲ ਜੁੜ ਕੇ ਲੋਕ ਵਿਸ਼ਵਾਸ ਬਣ ਜਾਂਦੇ ਹਨ। ਇਹਨਾਂ ਲੋਕ-ਵਿਸ਼ਵਾਸਾਂ ਨਾਲ ਸ਼ਗਨ-ਅਪਸ਼ਗਨ ਜਿਹੇ ਸਰੋਕਾਰ ਵੀ ਜੁੜੇ ਹੋਏ ਹਨ। ਇਕ ਲੋਕ ਵਿਸ਼ਵਾਸ ਅਨੁਸਾਰ ਸੰਦੂਕ ਦੀ ਚੌੜਾਈ ਕਦੇ ਵੀ ਪੌਣ ਵਿਚ ਨਹੀਂ ਰੱਖੀ ਜਾਂਦੀ। ਲੱਕੜ ਕਲਾ ਨਾਲ ਸੰਬੰਧਿਤ ਕਾਰੀਗਰ ਸੰਦੂਕ ਦੀ ਚੌੜਾਈ ਸਵਾ ਤਿੰਨ ਜਾਂ ਸਾਢੇ ਤਿੰਨ ਰੱਖਦਾ ਹੈ ਕਿਉਂਕਿ ਪੌਣ ਦਾ ਸੰਬੰਧ ਮਰਨ ਉਪਰੰਤ ਕੀਤੀਆਂ ਜਾਣ ਵਾਲੀਆਂ ਰਸਮਾਂ ਨਾਲ ਹੁੰਦਾ ਹੈ। ਮਰਨ ਵਾਲੇ ਵਿਅਕਤੀ ਦੇ ਨਾਮ 'ਤੇ ਜਿਹੜੀਆਂ ਵਸਤਾਂ ਦਾਨ ਕੀਤੀਆਂ ਜਾਂਦੀਆਂ ਹਨ ਜਾਂ ਵਿਅਕਤੀ ਨੂੰ ਜੋ ਕੱਪੜੇ ਪਹਿਨਾਏ ਜਾਂਦੇ ਹਨ ਉਹ ਪੌਣ ਵਿਚ ਹੁੰਦੇ ਹਨ। ਇਸ ਲਈ ਵਿਆਹ ਜਿਹੇ ਸ਼ੁੱਭ ਮੌਕੇ ਉਪਰ ਦਾਜ ਵਿਚ ਦਿੱਤੇ ਜਾਂਦੇ ਸੰਦੂਕ ਦੀ ਬਣਤਰ ਵਿਚ ਪੌਣ ਨੂੰ ਸ਼ਾਮਿਲ ਕਰਨਾ ਅਸ਼ੁੱਭ ਮੰਨਿਆਂ ਜਾਂਦਾ ਹੈ। ਅਜਿਹੀ ਮਾਨਸਿਕਤਾ ਕਾਰਨ ਹੀ ਸੰਦੂਕ ਦੀ ਚੌੜਾਈ ਪੌਣ ਵਿਚ ਨਹੀਂ ਰੱਖੀ ਜਾਂਦੀ। ਇਕ ਹੋਰ

ਲੋਕ ਵਿਸ਼ਵਾਸ ਅਨੁਸਾਰ ਸੰਦੂਕ ਦੇ ਤਿੰਨ ਦਰਵਾਜ਼ੇ ਨਹੀਂ ਰੱਖੇ ਜਾਂਦੇ। ਖੇਤਰੀ ਕਾਰਜ ਦੌਰਾਨ ਸਮੱਗਰੀ ਦੇ ਇਕੱਤਰੀਕਰਨ ਸਮੇਂ ਇਕ, ਦੋ ਅਤੇ ਚਾਰ ਦਰਵਾਜ਼ਿਆਂ ਵਾਲੇ ਸੰਦੂਕ ਪ੍ਰਾਪਤ ਹੋਏ ਹਨ। ਪਰ ਅਜਿਹਾ ਕੋਈ ਵੀ ਸੰਦੂਕ ਪ੍ਰਾਪਤ ਨਹੀਂ ਹੋਇਆ ਜਿਸਦੇ ਤਿੰਨ ਦਰਵਾਜ਼ੇ ਹੋਣ। ਅਸਲ ਵਿਚ ਪੰਜਾਬੀ ਲੋਕ ਮਾਨਸਿਕਤਾ ਵਿਚ ਤਿੰਨ ਦੇ ਅੰਕ ਨੂੰ ਅਸ਼ੁੱਭ ਮੰਨਿਆਂ ਜਾਂਦਾ ਹੈ। ਇਸ ਬਾਰੇ ਇਹ ਵਿਚਾਰ ਪ੍ਰਚਲਿਤ ਹੈ ਕਿ :

ਤੀਜਾ ਰਲਿਆ, ਘਰ ਗਲਿਆ।

ਇਸ ਲਈ ਕਿਸੇ ਸ਼ੁੱਭ ਕਾਰਜ ਵਿਚ ਤਿੰਨ ਨੂੰ ਸ਼ਾਮਿਲ ਨਹੀਂ ਕੀਤਾ ਜਾਂਦਾ। ਇਸ ਵਿਸ਼ਵਾਸ ਤਹਿਤ ਸੰਦੂਕ ਦੇ ਤਿੰਨ ਦਰਵਾਜ਼ੇ ਨਹੀਂ ਰੱਖੇ ਜਾਂਦੇ ਪਰ ਇਸ ਲੋਕ ਵਿਸ਼ਵਾਸ ਪਿੱਛੇ ਇਹ ਤਰਕ ਕਾਰਜਸ਼ੀਲ ਹੈ ਕਿ ਸੰਦੂਕ ਬਣਾਉਣ ਨਾਲ ਸੰਬੰਧਿਤ ਕਾਰੀਗਰ ਇਸਦੇ ਨਿਰਮਾਣ ਸਮੇਂ ਸੰਤੁਲਨ ਸਥਾਪਿਤ ਕਰਦਾ ਹੈ। ਜੇਕਰ ਛੋਟਾ ਸੰਦੂਕ ਹੈ ਤਾਂ ਇਕ ਦਰਵਾਜ਼ਾ ਰੱਖਿਆ ਜਾਂਦਾ ਹੈ। ਜੇਕਰ ਵੱਡਾ ਸੰਦੂਕ ਹੋਵੇ ਤਾਂ ਦੋ ਜਾਂ ਚਾਰ ਦਰਵਾਜ਼ੇ ਰੱਖ ਲਏ ਜਾਂਦੇ ਹਨ। ਤਿੰਨ ਦਰਵਾਜ਼ੇ ਸੰਦੂਕ ਦੀ ਬਣਤਰ ਦੇ ਪੈਮਾਨੇ ਵਿਚ ਸਹੀ ਨਹੀਂ ਬੈਠਦੇ। ਇਸ ਲਈ ਕਾਰੀਗਰ ਤਿੰਨ ਦਰਵਾਜ਼ਿਆਂ ਵਾਲੇ ਸੰਦੂਕ ਨਹੀਂ ਬਣਾਉਂਦੇ।

ਪੰਜਾਬੀ ਲੋਕ ਮਾਨਸਿਕਤਾ ਵਿਚ ਸੰਦੂਕ ਦੀਆਂ ਵੰਨਗੀਆਂ ਪੇਟੀ, ਟਰੰਕ, ਸੰਦੂਕੜੀ ਨਾਲ ਸੰਬੰਧਿਤ ਵਿਸ਼ਵਾਸ ਵੀ ਮਿਲਦੇ ਹਨ। ਇਕ ਵਿਸ਼ਵਾਸ ਵਿਚ ਪੇਟੀ ਜਾਂ ਟਰੰਕ ਖੜਕਾਉਣਾ ਅਪਸ਼ਗਨ ਮੰਨਿਆ ਜਾਂਦਾ ਹੈ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਪੇਟੀ ਜਾਂ ਟਰੰਕ ਖੜਕਾਉਣ ਨਾਲ ਘਰ ਵਿਚ ਕਲੇਸ਼ ਤੇ ਲੜਾਈ-ਝਗੜਾ ਵੱਧਦਾ ਹੈ। ਘਰ ਵਿਚ ਸੁੱਖ-ਸ਼ਾਂਤੀ ਰੱਖਣ ਲਈ ਅਜਿਹਾ ਕਰਨ ਤੋਂ ਵਰਜਿਆ ਜਾਂਦਾ ਹੈ। ਪਰ ਜੇਕਰ ਤਰਕ ਦੀ ਦ੍ਰਿਸ਼ਟੀ ਤੋਂ ਵੇਖਿਆ ਜਾਵੇ ਤਾਂ ਪੇਟੀ ਜਾਂ ਟਰੰਕ ਦੇ ਖੜਕਣ ਦੀ ਆਵਾਜ਼ ਕੰਨਾਂ ਨੂੰ ਅਣਸੁਖਾਵੀਂ ਲੱਗਦੀ ਹੈ। ਅਜਿਹੇ ਸ਼ੋਰ ਵਾਲੇ ਮਾਹੌਲ ਤੋਂ ਬਚਣ ਲਈ ਇਹ ਵਿਸ਼ਵਾਸ ਘੜਿਆ ਗਿਆ ਪ੍ਰਤੀਤ ਹੁੰਦਾ ਹੈ। ਇਕ ਹੋਰ ਵਿਸ਼ਵਾਸ ਅਨੁਸਾਰ ਪੇਟੀ ਦੇ ਹਮੇਸ਼ਾ ਦੋ ਜਾਂ ਤਿੰਨ ਕੁੰਡੇ ਰੱਖੇ ਜਾਂਦੇ ਹਨ ਜੋ ਇਕ ਤੋਂ ਵਧੇਰੇ

ਪੁੱਤਰ ਪ੍ਰਾਪਤੀ ਦੀ ਇੱਛਾ ਨਾਲ ਸੰਬੰਧਿਤ ਹਨ। ਪੰਜਾਬੀ ਸਮਾਜ ਵਿਚ ਇਸ ਵਿਚਾਰ ਨੂੰ ਪ੍ਰੋੜਤਾ ਦਿੱਤੀ ਗਈ ਹੈ ਕਿ ਪੁੱਤਰ ਹੀ ਵੰਸ਼ ਨੂੰ ਅੱਗੇ ਵਧਾਉਂਦਾ ਹੈ। ਇਸ ਲਈ ਲੋਕਾਂ ਵਿਚ ਇਕ ਤੋਂ ਵਧੇਰੇ ਪੁੱਤਰ ਪ੍ਰਾਪਤੀ ਦੀ ਇੱਛਾ ਪ੍ਰਬੱਲ ਹੈ। ਇਸ ਵਿਸ਼ਵਾਸ ਤਹਿਤ ਪੇਟੀ ਦੇ ਦੋ ਜਾਂ ਤਿੰਨ ਕੁੰਡੇ ਰੱਖੇ ਜਾਂਦੇ ਹਨ ਪਰ ਜੇਕਰ ਤਾਰਕਿਕ ਦ੍ਰਿਸ਼ਟੀ ਤੋਂ ਵੇਖਿਆ ਜਾਵੇ ਤਾਂ ਪੇਟੀ ਦਾ ਦਰਵਾਜ਼ਾ ਵੱਡੇ ਆਕਾਰ ਦਾ ਹੋਣ ਕਾਰਨ ਉਸਦੇ ਸੰਤੁਲਨ ਨੂੰ ਬਣਾਈ ਰੱਖਣ ਲਈ ਦੋ ਜਾਂ ਤਿੰਨ ਕੁੰਡੇ ਲਗਾਏ ਜਾਂਦੇ ਹਨ। ਇਕ ਕੁੰਡੇ ਨਾਲ ਦਰਵਾਜ਼ੇ ਨੂੰ ਚੁੱਕਣ ਵਿਚ ਮੁਸ਼ਕਿਲ ਆਉਂਦੀ ਹੈ ਇਸ ਲਈ ਅਜਿਹਾ ਕੀਤਾ ਜਾਂਦਾ ਹੈ। ਅਜਿਹੇ ਹੀ ਇਕ ਹੋਰ ਲੋਕ ਵਿਸ਼ਵਾਸ ਅਨੁਸਾਰ ਔਰਤ ਦੀ ਸ਼ਿੰਗਾਰ ਸੰਦੂਕੜੀ ਵਿਚ ਹਾਰ-ਸ਼ਿੰਗਾਰ ਨਾਲ ਸੰਬੰਧਿਤ ਕਿਸੇ ਵਸਤ ਦਾ ਟੁੱਟਿਆ ਹੋਣਾ ਅਪਸ਼ਗਨ ਮੰਨਿਆਂ ਜਾਂਦਾ ਹੈ ਕਿਉਂਕਿ ਹਾਰ-ਸ਼ਿੰਗਾਰ ਨਾਲ ਸੰਬੰਧਿਤ ਵਸਤਾਂ ਸੁਹਾਗ ਦਾ ਪ੍ਰਤੀਕ ਹੁੰਦੀਆਂ ਹਨ। ਇਹਨਾਂ ਵਿਚ ਕਿਸੇ ਵੀ ਵਸਤ ਦਾ ਟੁੱਟਿਆ ਹੋਣਾ ਲੋਕ ਮਾਨਸਿਕਤਾ ਵਿਚ ਕਿਸੇ ਅਸ਼ੁੱਭ ਘਟਨਾਂ ਦੇ ਵਾਪਰਨ ਦਾ ਸੰਕੇਤ ਮੰਨਿਆ ਜਾਂਦਾ ਹੈ। ਇਸ ਲਈ ਔਰਤਾਂ ਆਪਣੀ ਸ਼ਿੰਗਾਰ ਸੰਦੂਕੜੀ ਵਿਚ ਕਿਸੇ ਟੁੱਟੀ ਹੋਈ ਵਸਤ ਨੂੰ ਨਹੀਂ ਰੱਖਦੀਆਂ। ਅਸਲ ਵਿਚ ਇਹ ਵਿਸ਼ਵਾਸ ਵੀ ਤਰਕ 'ਤੇ ਹੀ ਆਧਾਰਿਤ ਹੈ ਕਿਉਂਕਿ ਟੁੱਟੀ ਹੋਈ ਵਸਤ ਸੰਦੂਕੜੀ ਵਿਚ ਚੰਗੀ ਨਹੀਂ ਲੱਗਦੀ ਜਾਂ ਫਿਰ ਵਰਤੋਂ ਦੇ ਯੋਗ ਨਹੀਂ ਰਹਿੰਦੀ। ਇਸ ਲਈ ਸੰਦੂਕੜੀ ਵਿਚ ਟੁੱਟੀ ਵਸਤ ਨਾ ਰੱਖਣ ਨਾਲ ਸੰਬੰਧਿਤ ਵਹਿਮ ਜਾਂ ਡਰ ਤਾਂ ਕੇਵਲ ਉਸਨੂੰ ਇਸ ਕੰਮ ਤੋਂ ਵਰਜਣ ਦਾ ਇਕ ਮਨੋਵਿਗਿਆਨਕ ਢੰਗ ਹੈ।

ਸੂਰਜ ਜਾਂ ਚੰਦ ਗ੍ਰਹਿਣ ਸਮੇਂ ਗਰਭਵਤੀ ਔਰਤ ਨੂੰ ਹਨੇਰੇ ਕਮਰੇ ਵਿਚ ਬਿਠਾਇਆ ਜਾਂਦਾ ਹੈ। ਉਸ ਕੋਲੋਂ ਸੰਦੂਕ ਜਾਂ ਪੇਟੀ ਨੂੰ ਲੱਗੇ ਤਾਲੇ ਖੁਲ੍ਹਵਾ ਦਿੱਤੇ ਜਾਂਦੇ ਹਨ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਅਜਿਹਾ ਕਰਨ ਨਾਲ ਗਰਭਵਤੀ ਔਰਤ ਤੇ ਬੱਚਾ ਦੋਵੇਂ ਸੁਰੱਖਿਅਤ ਰਹਿੰਦੇ ਹਨ। ਉਹਨਾਂ ਉਪਰ ਗ੍ਰਹਿਣ ਦਾ ਕੋਈ ਬੁਰਾ ਪ੍ਰਭਾਵ ਨਹੀਂ ਪੈਂਦਾ ਪਰ ਜੇਕਰ ਵਿਗਿਆਨਕ ਦ੍ਰਿਸ਼ਟੀ ਤੋਂ ਵੇਖਿਆ ਜਾਵੇ ਤਾਂ ਹਨੇਰੇ ਕਮਰੇ ਵਿਚ ਬਿਠਾਉਣ ਪਿੱਛੇ ਤਰਕ ਮੌਜੂਦ ਹੈ। ਸੂਰਜ ਗ੍ਰਹਿਣ ਦਾ ਮਨੁੱਖੀ ਦ੍ਰਿਸ਼ਟੀ 'ਤੇ ਬੁਰਾ

ਪ੍ਰਭਾਵ ਪੈਂਦਾ ਹੈ। ਕਈ ਵਾਰ ਨੰਗੀਆਂ ਅੱਖਾਂ ਨਾਲ ਸੂਰਜ ਗ੍ਰਹਿਣ ਵੇਖਣ ਨਾਲ ਅੱਖਾਂ ਦੀ ਰੋਸ਼ਨੀ ਵੀ ਚਲੀ ਜਾਂਦੀ ਹੈ। ਗ੍ਰਹਿਣ ਦੇ ਅਜਿਹੇ ਪ੍ਰਭਾਵ ਤੋਂ ਬਚਾਉਣ ਲਈ ਔਰਤ ਨੂੰ ਹਨੇਰੇ ਕਮਰੇ ਵਿਚ ਬਿਠਾਇਆ ਜਾਂਦਾ ਹੈ। ਸੰਦੂਕ ਜਾਂ ਪੇਟੀ ਦੇ ਜਿੰਦਰੇ ਖੋਲ੍ਹਣਾ ਕੇਵਲ ਕਰਮ-ਕਾਂਡ ਹੀ ਪ੍ਰਤੀਤ ਹੁੰਦਾ ਹੈ।

ਲੋਹਾ, ਚਾਂਦੀ, ਤਾਂਬਾ ਆਦਿ ਅਜਿਹੀਆਂ ਧਾਤਾਂ ਹਨ ਜਿੰਨ੍ਹਾਂ ਨਾਲ ਲੋਕ ਵਿਸ਼ਵਾਸ ਜੁੜੇ ਹੋਏ ਹਨ। ਲੋਹੇ ਬਾਰੇ ਕੁਝ ਲੋਕਾਂ ਦਾ ਵਿਚਾਰ ਹੈ ਕਿ ਲੋਹਾ ਬੁਰੀ ਨਜ਼ਰ ਲੱਗਣ ਤੋਂ ਬਚਾਉਂਦਾ ਹੈ ਕਿਉਂਕਿ ਇਸ ਧਾਤ ਦਾ ਰੰਗ ਕਾਲਾ ਹੁੰਦਾ ਹੈ। ਜਿਵੇਂ ਕਿਸੇ ਜਾਨਵਰ ਨੂੰ ਨਜ਼ਰ ਲੱਗਣ ਤੋਂ ਬਚਾਉਣਾ ਹੋਵੇ ਤਾਂ ਗਲ ਵਿਚ ਕਾਲੀ ਜੁੱਤੀ ਜਾਂ ਕੱਪੜਾ ਬੰਨ੍ਹ ਦਿੱਤਾ ਜਾਂਦਾ ਹੈ, ਅਜਿਹਾ ਕਰਨ ਨਾਲ ਨਜ਼ਰ ਨਹੀਂ ਲੱਗਦੀ। ਦੂਸਰਾ ਲੋਹਾ ਅਜਿਹੀ ਧਾਤ ਹੈ ਜੋ ਮਨੁੱਖ ਨੂੰ ਬਦਰੂਹਾਂ ਦੇ ਬੁਰੇ ਪ੍ਰਭਾਵ ਤੋਂ ਬਚਾਉਂਦਾ ਹੈ। ਅਜਿਹਾ ਮੰਨਿਆ ਜਾਂਦਾ ਹੈ ਕਿ ਜਿੱਥੇ ਲੋਹਾ ਹੁੰਦਾ ਹੈ ਉੱਥੇ ਬਦਰੂਹਾਂ ਦਾ ਨਿਵਾਸ ਨਹੀਂ ਹੁੰਦਾ ਅਰਥਾਤ ਲੋਹੇ ਤੋਂ ਬਦਰੂਹਾਂ ਡਰਦੀਆਂ ਹਨ। ''ਅਜਿਹਾ ਵਿਚਾਰ ਭਾਰਤ ਵਿਚ ਹੀ ਨਹੀਂ ਬਲਕਿ ਵਿਭਿੰਨ ਦੇਸ਼ਾਂ ਵਿਚ ਵੀ ਪਾਇਆ ਜਾਂਦਾ ਹੈ। ਵਿਲੀਅਮ ਕਰੁੱਕ ਦੱਸਦਾ ਹੈ ਕਿ ਜਦੋਂ ਬੱਦਲ ਬਹੁਤ ਗਰਜ ਰਿਹਾ ਹੋਵੇ ਤੇ ਤੂਫ਼ਾਨੀ ਮੀਂਹ ਪੈ ਰਿਹਾ ਹੋਵੇ ਤਾਂ ਕੈਨੇਡਾ ਦੇ ਆਦਿਵਾਸੀ ਲੋਹੇ ਦੀ ਤਲਵਾਰ ਨੂੰ ਬਾਹਰ ਸੁੱਟ ਦੇਂਦੇ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਇਸ ਤਰ੍ਹਾਂ ਕਰਨ ਨਾਲ ਬੱਦਲ ਲਿਆਉਣ ਵਾਲੀ ਬਦਰੂਹ ਤੇਜ਼ਧਾਰ ਲੋਹੇ ਨਾਂਲ ਕੱਟ ਜਾਂਦੀ ਹੈ ਤੇ ਬੱਦਲ ਹਟ ਜਾਂਦਾ ਹੈ।''[28] ਲੋਹੇ ਨਾਲ ਜੁੜੀ ਅਜਿਹੀ ਲੋਕ ਮਾਨਸਿਕਤਾ ਕਾਰਨ ਇਸ ਧਾਤ ਨੂੰ ਵਿਭਿੰਨ ਵਸਤਾਂ ਦੇ ਨਿਰਮਾਣ ਲਈ ਵਰਤਿਆ ਜਾਂਦਾ ਹੈ ਜਿਵੇਂ ਬਰਤਨ, ਸੰਦੂਕ ਆਦਿ। ਘਰਾਂ ਵਿਚ ਵਰਤੇ ਜਾਂਦੇ ਲੋਹੇ ਦੀ ਧਾਤ ਤੋਂ ਬਣੇ ਸੰਦੂਕ ਸੁਰੱਖਿਆ ਦੇ ਪ੍ਰਤੀਕ ਬਣਦੇ ਹਨ। ਅਜਿਹਾ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਜਿਸ ਘਰ ਵਿਚ ਲੋਹੇ ਦਾ ਸੰਦੂਕ ਹੁੰਦਾ ਹੈ ਅਜਿਹਾ ਘਰ ਬਦਰੂਹਾਂ ਦੇ ਬੁਰੇ ਪ੍ਰਭਾਵ ਤੋਂ ਸੁਰੱਖਿਅਤ ਰਹਿੰਦਾ ਹੈ।''[29] ਪਰ ਜੇਕਰ ਤਾਰਕਿਕ ਦ੍ਰਿਸ਼ਟੀ ਤੋਂ ਵੇਖਿਆ ਜਾਵੇ ਤਾਂ ਲੋਹਾ ਵਧੇਰੇ

ਮਜ਼ਬੂਤ ਅਤੇ ਹੰਢਣਸਾਰ ਧਾਤ ਹੈ ਜਿਸ ਕਾਰਨ ਇਸਨੂੰ ਸੰਦੂਕਾਂ ਦੇ ਨਿਰਮਾਣ ਲਈ ਵਰਤਿਆ ਜਾਂਦਾ ਹੈ।

ਪੰਜਾਬੀ ਸਮਾਜ ਵਿਚ ਸੰਦੂਕ ਚਿਹਨਕ ਪੱਧਰ 'ਤੇ ਵਿਭਿੰਨ ਅਰਥਾਂ ਦਾ ਸੰਚਾਰ ਕਰਦਾ ਹੈ। ਸੰਦੂਕ ਨਾਲ ਅਨੇਕ ਸਮਾਜਿਕ, ਆਰਥਿਕ ਤੇ ਮਾਨਸਿਕ ਸਰੋਕਾਰ ਜੁੜੇ ਹੋਏ ਹਨ ਜੋ ਇਸਨੂੰ ਵਿਸ਼ੇਸ਼ ਵਸਤ ਬਣਾਉਂਦੇ ਹਨ। ਸਤਹੀ ਪੱਧਰ 'ਤੇ ਸੰਦੂਕ ਵਸਤਾਂ ਨੂੰ ਸੰਭਾਲਣ ਦਾ ਕਾਰਜ ਕਰਦਾ ਹੈ ਪਰ ਜੇਕਰ ਮਨੋਵਿਗਿਆਨਕ ਪੱਖ ਤੋਂ ਵੇਖਿਆ ਜਾਵੇ ਤਾਂ ਮਨੁੱਖੀ ਮਾਨਸਿਕਤਾ ਦੀਆਂ ਅਨੇਕ ਤੰਦਾਂ ਸੰਦੂਕ ਨਾਲ ਜੁੜੀਆਂ ਹੋਈਆਂ ਹਨ। ਪੰਜਾਬੀ ਸੰਦੂਕ ਨਾਲ ਮਾਣ, ਸ਼ੋਭਾ, ਹੈਸੀਅਤ ਦੇ ਦਿਖਾਵੇ ਜਿਹੇ ਸਮਾਜਿਕ ਸਰੋਕਾਰ ਜੁੜੇ ਹੋਏ ਹਨ ਜੋ ਲੋਕ ਮਾਨਸਿਕਤਾ ਦੀ ਪੇਸ਼ਕਾਰੀ ਕਰਦੇ ਹਨ। ਪੁਰਾਤਨ ਸਮਿਆਂ ਵਿਚ ਰਾਜਿਆਂ-ਮਹਾਰਾਜਿਆਂ ਦੁਆਰਾ ਬਕਸਾਨੁਮਾ ਸੰਦੂਕਾਂ ਅਤੇ ਸੰਦੂਕੜੀਆਂ ਦੀ ਵਰਤੋਂ ਸ਼ਾਹੀ ਮਹਿਲਾ ਵਿਚ ਕੀਤੀ ਜਾਂਦੀ ਸੀ। ਵਿਸ਼ੇਸ਼ ਕਾਰੀਗਰਾਂ ਦੁਆਰਾ ਵਿਭਿੰਨ ਤਕਨੀਕਾਂ ਦੀ ਵਰਤੋਂ ਕਰ ਸੰਦੂਕਾਂ ਨੂੰ ਖ਼ੂਬਸੂਰਤ ਦਿੱਖ ਪ੍ਰਦਾਨ ਕੀਤੀ ਜਾਂਦੀ ਸੀ। ਸੰਦੂਕ ਉਪਰ ਵਿਸ਼ੇਸ਼ ਰੂਪ ਵਿਚ ਮੀਨਾਕਾਰੀ, ਚਿੱਤਰਕਾਰੀ ਆਦਿ ਸਜਾਵਟੀ ਜੁਗਤਾਂ ਨੂੰ ਵਰਤਿਆ ਜਾਂਦਾ ਸੀ। ਸਜਾਵਟੀ ਸਮੱਗਰੀ ਜਿਵੇਂ ਸੋਨਾ, ਚਾਂਦੀ, ਮੋਤੀਆਂ ਦੀ ਸੀਪ ਆਦਿ ਦੀ ਜੜ੍ਹਤ ਨਾਲ ਸੰਦੂਕਾਂ ਨੂੰ ਕਲਾਤਮਕ ਦਿੱਖ ਪ੍ਰਦਾਨ ਕੀਤੀ ਜਾਂਦੀ ਸੀ। ਅਜਿਹੇ ਕਲਾਤਮਕ ਸੰਦੂਕ ਖ਼ੂਬਸੂਰਤ ਦਿੱਖ ਕਾਰਨ ਵਿਸ਼ੇਸ਼ ਵਸਤ ਵਜੋਂ ਪਛਾਣ ਰੱਖਦੇ ਸਨ। ਤਕਨੀਕੀ ਅਤੇ ਕਲਾਤਮਕ ਪੱਖ ਤੋਂ ਅਜਿਹੇ ਸੰਦੂਕ ਸ਼ਾਹੀ ਘਰਾਣਿਆਂ ਦੀ ਆਰਥਿਕ ਹੈਸੀਅਤ ਦਾ ਦਿਖਾਵਾ ਹੀ ਹੁੰਦੇ ਸਨ। ਅਜਿਹੇ ਸੰਦੂਕ ਸਧਾਰਨ ਮਨੁੱਖ ਦੀ ਪਹੁੰਚ ਤੋਂ ਬਾਹਰੀ ਵਸਤ ਹੀ ਹੁੰਦੇ ਸਨ। ਮਹਾਰਾਜਾ ਰਣਜੀਤ ਸਿੰਘ ਕਾਲ ਸਮੇਂ ਵਰਤੀਆਂ ਜਾਂਦੀਆਂ ਸੋਨੇ ਦੀ ਪਰਤ ਵਾਲੀਆਂ ਸੰਦੂਕੜੀਆਂ ਇਸਦੀ ਇਕ ਮਿਸਾਲ ਸਨ। ਦੂਸਰਾ ਪੁਰਾਤਨ ਪੰਜਾਬ ਵਿਚ ਲੜਕੀ ਦੇ ਵਿਆਹ ਸਮੇਂ ਦਾਜ ਵਿਚ ਦਿੱਤੀਆਂ ਜਾਂਦੀਆਂ ਵਸਤਾਂ ਵਿਚੋਂ ਸੰਦੂਕ ਇਕ ਅਹਿਮ ਵਸਤ ਸੀ। ਹਰੇਕ ਪਰਿਵਾਰ ਆਪਣੀ ਧੀ ਨੂੰ ਦਾਜ ਵਿਚ ਸੰਦੂਕ ਦੇਣਾ ਜ਼ਰੂਰੀ ਸਮਝਦਾ ਸੀ। ਸਮਾਜ ਵਿਚਲੇ ਲੋਕਾਂ ਦੀ ਅਜਿਹੀ

ਮਾਨਸਿਕਤਾ ਕਾਰਨ ਕਈ ਵਾਰ ਆਰਥਿਕ ਪੱਖੋਂ ਕਮਜ਼ੋਰ ਪਰਿਵਾਰ ਵੀ ਦਾਜ ਵਿਚ ਸੰਦੂਕ ਦਿੰਦੇ ਸਨ। ਕਈ ਪਰਿਵਾਰਾਂ ਵੱਲੋਂ ਕਰਜ਼ਾ ਚੁੱਕ ਕੇ ਸੰਦੂਕ ਦਾਜ ਵਿਚ ਦਿੱਤੇ ਜਾਂਦੇ ਸਨ। ਆਰਥਿਕਤਾ ਕਾਰਨ ਕਈ ਵਾਰ ਮਾਂ ਵੱਲੋਂ ਆਪਣਾ ਸੰਦੂਕ ਅੱਗੋਂ ਧੀ ਨੂੰ ਦਿੱਤਾ ਜਾਂਦਾ ਸੀ। ਅਜਿਹਾ ਸਮਾਜ ਵਿਚ ਮਾਣ ਵਧਾਉਣ ਤੇ ਸ਼ੋਭਾ ਦੀ ਪ੍ਰਾਪਤੀ ਲਈ ਕੀਤਾ ਜਾਂਦਾ ਸੀ। ਹੈਸੀਅਤ ਦੇ ਦਿਖਾਵੇ ਤੇ ਸਮਾਜ ਵਿਚ ਪ੍ਰਤਿਸ਼ਠਤਾ ਬਣਾਈ ਰੱਖਣ ਲਈ ਜ਼ਗੀਰਦਾਰ ਜਾਂ ਚੰਗੀ ਆਰਥਿਕਤਾ ਵਾਲੇ ਪਰਿਵਾਰ ਲੜਕੀ ਨੂੰ ਦਾਜ ਵਿਚ ਆਕਾਰ ਪੱਖੋਂ ਵੱਡਾ ਅਤੇ ਸ਼ਿੰਗਾਰਿਆ ਹੋਇਆ ਸੰਦੂਕ ਦਿੰਦੇ ਸਨ। ਅਜਿਹੇ ਸੰਦੂਕਾਂ ਦੀ ਕਲਾਤਮਕ ਦਿੱਖ ਕਾਰਨ ਕਈ-ਕਈ ਦਿਨਾਂ ਤੱਕ ਪਿੰਡਾਂ ਵਿਚ ਇਹਨਾਂ ਦੀ ਚਰਚਾ ਹੁੰਦੀ ਰਹਿੰਦੀ ਸੀ। ਸੰਦੂਕ ਨਾਲ ਜੁੜੇ ਅਜਿਹੇ ਸਰੋਕਾਰ ਇਸਨੂੰ ਵਿਸ਼ੇਸ਼ ਵਸਤ ਬਣਾਉਂਦੇ ਹਨ। ਇਸ ਪ੍ਰਕਾਰ ਦਾਜ ਵਿਚ ਦਿੱਤਾ ਜਾਂਦਾ ਸੰਦੂਕ ਮਾਣ ਵਧਾਉਣ ਤੇ ਸ਼ੋਭਾ ਦੀ ਪ੍ਰਾਪਤੀ ਦਾ ਪ੍ਰਤੀਕ ਬਣਦਾ ਹੈ।

ਪੰਜਾਬੀ ਸਮਾਜ ਵਿਚ ਸੰਦੂਕ ਆਸ/ਉਮੀਦ ਦੇ ਪ੍ਰਤੀਕਮਈ ਅਰਥਾਂ ਵਿਚ ਵੀ ਵਰਤਿਆ ਜਾਂਦਾ ਹੈ। ਅਸਲ ਵਿਚ ਹਰੇਕ ਮਾਂ-ਬਾਪ ਆਪਣੀ ਧੀ ਦੇ ਵਧੀਆ ਭਵਿੱਖ ਦੀ ਆਸ ਕਰਦੇ ਹਨ। ਧੀ ਨੂੰ ਸਹੁਰੇ ਘਰ ਵਿਚ ਪੂਰਾ ਮਾਣ, ਸਤਿਕਾਰ ਪ੍ਰਾਪਤ ਹੋਵੇ ਇਸ ਆਸ ਤਹਿਤ ਮਾਂ, ਧੀ ਨੂੰ ਘਰੇਲੂ ਕਾਰਜਾਂ ਵਿਚ ਨਿਪੁੰਨ ਬਣਾਉਣ ਦੇ ਨਾਲ-ਨਾਲ ਸਲਾਈ-ਕਢਾਈ ਦੇ ਕਾਰਜਾਂ ਵਿਚ ਵੀ ਪ੍ਰਪੱਕ ਬਣਾਉਂਦੀ ਸੀ। ਇਸੇ ਤਰ੍ਹਾਂ ਲੜਕੀ ਵੀ ਸਹੁਰੇ ਘਰ ਵਿਚ ਆਪਣੇ ਸੁਨਹਿਰੀ ਭਵਿੱਖ ਦੀ ਆਸ ਕਰਦੀ ਹੈ। ਇਸ ਆਸ ਨਾਲ ਉਹ ਦਾਜ ਦੀਆਂ ਵਿਭਿੰਨ ਵਸਤਾਂ ਨੂੰ ਹੱਥਾਂ ਨਾਲ ਤਿਆਰ ਕਰਦੀ ਸੀ। ਅਜਿਹੀਆਂ ਵਸਤਾਂ ਸੰਦੂਕ ਵਿਚ ਰੱਖੀਆਂ ਜਾਂਦੀਆਂ ਸਨ। ਸਹੁਰੇ ਘਰ ਵਿਚ ਸੰਦੂਕ ਵਿਚ ਰੱਖੀਆਂ ਵਿਭਿੰਨ ਵਸਤਾਂ ਲੜਕੀ ਦੀਆਂ ਜ਼ਰੂਰਤਾਂ ਦੀ ਪੂਰਤੀ ਦਾ ਮੁੱਖ ਸਾਧਨ ਹੁੰਦੀਆਂ ਸਨ। ਸਹੁਰੇ ਘਰ ਦੀਆਂ ਜ਼ਿੰਮੇਵਾਰੀਆਂ ਵਿਚ ਘਿਰੀ ਹੋਈ ਲੜਕੀ ਜਦੋਂ ਆਪਣੇ ਆਪ ਨੂੰ ਇਕੱਲਿਆਂ ਮਹਿਸੂਸ ਕਰਦੀ ਸੀ ਤਾਂ ਉਸ ਸਮੇਂ ਸੰਦੂਕ ਜਿਹੀ ਵਸਤ ਹੀ ਉਸਨੂੰ ਮਾਨਸਿਕ ਸਕੂਨ ਪ੍ਰਦਾਨ ਕਰਦੀ ਸੀ। ਇਸ ਪ੍ਰਕਾਰ ਧੀ ਨੂੰ ਸਹੁਰੇ ਘਰ ਵਿਚ ਪੂਰਾ

ਮਾਣ ਮਿਲੇ ਅਤੇ ਕੋਈ ਵੀ ਮੁਸ਼ਕਲ ਦਰਪੇਸ਼ ਨਾ ਆਵੇ ਇਸ ਆਸ ਤਹਿਤ ਸੰਦੂਕ ਦਾਜ ਵਿਚ ਦਿੱਤਾ ਜਾਂਦਾ ਸੀ।

ਪੰਜਾਬੀ ਸਮਾਜ ਵਿਚ ਸੰਦੂਕ ਕਲਾਤਮਕ ਪੱਖੋਂ ਵੀ ਵਿਸ਼ੇਸ਼ ਮਹੱਤਵ ਰੱਖਦਾ ਹੈ। ਕਾਰੀਗਰਾਂ ਦੁਆਰਾ ਸੰਦੂਕ ਉਪਰ ਵਰਤੀਆਂ ਜਾਂਦੀਆਂ ਵਿਭਿੰਨ ਸਜਾਵਟੀ ਜੁਗਤਾਂ ਜਿੱਥੇ ਇਸਨੂੰ ਖ਼ੂਬਸੂਰਤ ਬਣਾਉਂਦੀਆਂ ਹਨ, ਉੱਥੇ ਸੰਸਾਰ ਪੱਧਰ 'ਤੇ ਵਿਭਿੰਨ ਦੇਸ਼ਾਂ ਦੇ ਲੋਕਾਂ ਦੁਆਰਾ ਵਰਤੇ ਜਾਂਦੇ ਸੰਦੂਕਾਂ ਨਾਲੋਂ ਵਿਲੱਖਣਤਾ ਵੀ ਸਥਾਪਿਤ ਕਰਦੀਆਂ ਹਨ। ਅਜਿਹੀਆਂ ਕਲਾਤਮਕ ਜੁਗਤਾਂ ਇਸਨੂੰ ਆਮ ਨਾਲੋਂ ਖ਼ਾਸ ਵਸਤ ਬਣਾਉਂਦੀਆਂ ਹਨ। ਪੰਜਾਬੀ ਸੰਦੂਕਾਂ ਉਪਰ ਕੋਕਿਆਂ, ਸ਼ੀਸ਼ਿਆਂ ਆਦਿ ਸਜਾਵਟੀ ਸਮੱਗਰੀ ਦੀ ਜੜ੍ਹਤ ਰਾਹੀਂ ਇਸਨੂੰ ਕਲਾਤਮਕ ਦਿੱਖ ਪ੍ਰਦਾਨ ਕੀਤੀ ਜਾਂਦੀ ਹੈ ਜੋ ਇਸਨੂੰ ਸੁਹਜ ਕਲਾ ਦਾ ਉੱਤਮ ਨਮੂਨਾ ਬਣਾਉਂਦੀ ਹੈ। ਸਜਾਵਟੀ ਜੁਗਤਾਂ ਵਿਚ ਜਿਉਮੈਟਰੀਕਲ ਆਕਾਰ, ਸ਼ੀਸ਼ੇ, ਨਕਾਸ਼ੀ, ਚਿੱਤਰਕਾਰੀ ਆਦਿ ਆਉਂਦੀਆਂ ਹਨ ਜਿੰਨ੍ਹਾਂ ਰਾਹੀਂ ਸਿਰਜੇ ਵਿਭਿੰਨ ਨਮੂਨੇ ਪ੍ਰਤੀਕਾਤਮਿਕ ਰੂਪ ਵਿਚ ਵਿਭਿੰਨ ਅਰਥਾਂ ਦਾ ਸੰਚਾਰ ਕਰਦੇ ਹਨ। ਮਨੁੱਖੀ ਮਾਨਸਿਕਤਾ ਦੀਆਂ ਅਨੇਕ ਤੰਦਾਂ ਇਹਨਾਂ ਨਾਲ ਜੁੜੀਆਂ ਹੋਈਆਂ ਹਨ। ਸੰਦੂਕ ਉਪਰ ਬਣਿਆ ਗੋਲ ਚੱਕਰ ਜੀਵਨ ਦੀ ਨਿਰੰਤਰਤਾ ਅਤੇ ਜੀਵਨ ਚੱਕਰ ਦਾ ਪ੍ਰਤੀਕ ਬਣਦਾ ਹੈ। ''ਇਸ ਤੋਂ ਇਲਾਵਾ ਇਹ ਚੱਕਰ ਦਾਇਰੇ ਜਾਂ ਵਲਗਣ ਦੇ ਅਰਥ ਸੰਚਾਰਦਾ ਹੋਇਆ ਕਿਸੇ ਸਮਾਜ ਵਿਚ ਰਹਿੰਦੇ ਮਨੁੱਖ ਦੀ ਸਮਾਜਿਕ ਦਾਇਰਿਆਂ ਜਾਂ ਬੰਦਿਸ਼ਾਂ ਅਧੀਨ ਜੀਵਨ ਜਿਊਣ ਦੀ ਪ੍ਰਕਿਰਤੀ ਨੂੰ ਵੀ ਪੇਸ਼ ਕਰਦਾ ਹੈ। ਹਰੇਕ ਸਮਾਜ ਸਮਾਜਿਕ ਵਿਵਸਥਾ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਨਿਯਮਾਂ, ਬੰਦਿਸ਼ਾਂ ਜਾਂ ਦਾਇਰਿਆਂ ਦੀ ਸਿਰਜਣਾ ਕਰਦਾ ਹੈ, ਜਿਸਦੀ ਪਾਲਣਾ ਕਰਨੀ ਸਮਾਜਿਕ ਮਨੁੱਖ ਲਈ ਜ਼ਰੂਰੀ ਹੈ।''[30] ਇਸਨੂੰ ਰਾਤ-ਦਿਨ ਤੇ ਸੁੱਖ-ਦੁੱਖ ਦਾ ਪ੍ਰਤੀਕ ਵੀ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਵਿਭਿੰਨ ਰੇਖਾਵਾਂ ਦੇ ਸੁਮੇਲ ਨਾਲ ਬਣਿਆਂ ਜਾਲ ਦਾ ਨਮੂਨਾ ਮਨੁੱਖੀ ਜੀਵਨ ਦੀ ਜਟਿਲਤਾ ਅਤੇ ਵਿਭਿੰਨ ਰੁਝੇਵਿਆਂ ਵਿਚ ਘਿਰੇ ਹੋਣ ਦੇ ਅਰਥ ਸੰਚਾਰਦਾ ਹੈ। ਮੁੱਢਲੇ ਮਨੁੱਖ ਦਾ ਜੀਵਨ ਸਧਾਰਨ ਸੀ ਉਸ ਦੁਆਰਾ ਸਿਰਜਿਤ ਕਲਾ ਵਸਤਾਂ ਵਿਚ ਖੜ੍ਹਵੀਆਂ ਜਾਂ

ਲੇਟਵੀਆਂ ਰੇਖਾਵਾਂ ਨੂੰ ਹੀ ਉਲੀਕਿਆ ਗਿਆ ਸੀ ਜਿਵੇਂ-ਜਿਵੇਂ ਮਨੁੱਖ ਬੌਧਿਕ ਵਿਕਾਸ ਦੇ ਪੜਾਅ ਉਪਰ ਅੱਗੇ ਵੱਧਿਆ ਜੀਵਨ ਜਟਿਲ ਹੁੰਦਾ ਗਿਆ। ਅਜਿਹੇ ਜੀਵਨ ਵਿਚੋਂ ਹੀ ਜਾਲ ਦਾ ਨਮੂਨਾ ਹੋਂਦ ਗ੍ਰਹਿਣ ਕਰਦਾ ਹੈ। ਸੰਦੂਕ ਉਪਰ ਲਹਿਰੀਆਂ ਜਾਂ ਕਟਾਵਾਂ ਦਾ ਨਮੂਨਾ ਵੀ ਵੇਖਣ ਨੂੰ ਮਿਲਦਾ ਹੈ ਜੋ ਜ਼ਿੰਦਗੀ ਵਿਚ ਆਉਂਦੇ ਉਤਰਾਵਾਂ-ਚੜ੍ਹਾਵਾਂ ਦਾ ਪ੍ਰਤੀਕ ਹੈ। ਇਸੇ ਤਰ੍ਹਾਂ ਸੰਦੂਕ ਉਪਰ ਵਰਗ ਦਾ ਨਮੂਨਾ ਸਭ ਤੋਂ ਵੱਧ ਬਣਾਇਆ ਜਾਂਦਾ ਹੈ। ਨਕਾਸ਼ੀ ਰਾਹੀਂ ਬਣਾਏ ਫੁੱਲ, ਪੰਛੀ ਆਦਿ ਵਰਗ ਵਿਚ ਹੀ ਲਗਾਏ ਜਾਂਦੇ ਹਨ। ਸਜਾਵਟੀ ਸਮੱਗਰੀ ਜਿਵੇਂ ਸ਼ੀਸ਼ੇ, ਕੋਕੇ ਆਦਿ ਵੀ ਵਰਗ ਦੇ ਵਿਚਕਾਰ ਹੀ ਲਗਾਏ ਜਾਂਦੇ ਹਨ। ਅਰਥਾਤ ਵਰਗ ਦੇ ਚਿੰਨ੍ਹ ਨੂੰ ਸੰਦੂਕ ਉਪਰ ਵਿਸ਼ੇਸ਼ ਮੰਤਵ ਲਈ ਬਣਾਇਆ ਜਾਂਦਾ ਹੈ। ਫ਼ਾਰਸੀ ਭਾਸ਼ਾ ਵਿਚ ਵਰਗ ਲਈ 'ਮੁਰੱਬਾ' ਸ਼ਬਦ ਵਰਤਿਆ ਜਾਂਦਾ ਹੈ। ਕਾਰੀਗਰ ਆਪਣੀ ਸਿਰਜਨਾਤਮਕ ਸ਼ਕਤੀ ਨਾਲ ਇਸਨੂੰ ਸੰਦੂਕ ਉਪਰ ਬਣਾਉਂਦਾ ਹੈ। ''ਚੰਨਣ ਸਿੰਘ ਚੰਨ ਇਕ ਹੀ ਦਿਸ਼ਾ ਵਿਚ ਨਾਲ-ਨਾਲ ਬਣੇ ਮੁਰੱਬਿਆਂ ਨੂੰ ਸੁਖ, ਸ਼ਾਂਤੀ ਤੇ ਖੁਸ਼ਹਾਲੀ ਦਾ ਪ੍ਰਤੀਕ ਅਤੇ ਵਿਰਲੇ-ਵਿਰਲੇ ਭਾਵ ਕੁਝ ਦੂਰੀ ਤੇ ਬਣੇ ਮੁਰੱਬਿਆਂ ਨੂੰ ਭਾਈਚਾਰਕ ਤਣਾਉ ਦਾ ਪ੍ਰਤੀਕ ਖਿਆਲ ਕਰਦਾ ਹੈ।''[31] ਇਸ ਤਰ੍ਹਾਂ ਕਾਰੀਗਰ ਆਪਣੇ ਹੁਨਰ, ਅਨੁਭਵ ਤੇ ਗਿਆਨ ਨਾਲ ਅਨੇਕ ਜਿਉਮੈਟਰੀਕਲ ਆਕਾਰਾਂ ਨੂੰ ਸੰਦੂਕ ਉਪਰ ਬਣਾਉਂਦਾ ਹੈ। ਇਹਨਾਂ ਤੋਂ ਇਲਾਵਾ ਪੰਛੀ, ਪਸ਼ੂ, ਬ੍ਰਹਿਮੰਡ, ਧਰਮ ਨਾਲ ਸੰਬੰਧਿਤ ਅਨੇਕ ਚਿੰਨ੍ਹਾਂ ਨੂੰ ਸੰਦੂਕ ਉਪਰ ਬਣਾਇਆ ਜਾਂਦਾ ਹੈ। ਸੰਦੂਕ ਦੀ ਸਜਾਵਟ ਲਈ ਬਣਾਈ ਸਿਰੇ ਉਪਰਲੀ ਪੱਟੀ ਵਿਚ ਗੁਰੂਆਂ ਦੀਆਂ ਤਸਵੀਰਾਂ ਨੂੰ ਲਗਾਇਆ ਜਾਂਦਾ ਹੈ। ਅਜਿਹੀਆਂ ਤਸਵੀਰਾਂ ਮਨੁੱਖ ਦੀ ਪ੍ਰਮਾਤਮਾ ਪ੍ਰਤੀ ਸ਼ਰਧਾ ਤੇ ਵਿਸ਼ਵਾਸ ਦੀਆਂ ਪ੍ਰਤੀਕ ਹਨ। ਖੇਤਰੀ ਕਾਰਜ ਦੌਰਾਨ ਲੋਹੇ ਦੀ ਧਾਤ ਤੋਂ ਬਣਿਆ ਇਕ ਸੰਦੂਕ ਪ੍ਰਾਪਤ ਹੋਇਆ ਹੈ ਜਿਸ ਉਪਰ ਚਿੱਤਰਕਾਰੀ ਰਾਹੀਂ ਗੁਰੂ ਨਾਨਕ ਦੇਵ ਅਤੇ ਸਤਿਨਾਮ ਸ਼ਬਦ ਨੂੰ ਚਿਤਰਿਆ ਗਿਆ ਹੈ। ਇਸ ਤਰ੍ਹਾਂ ਸੰਦੂਕ ਉਪਰ ਬਣਾਏ ਜਾਂਦੇ ਅਨੇਕ ਚਿੰਨ੍ਹ ਮਨੁੱਖੀ ਮਾਨਸਿਕਤਾ ਦੇ ਵਿਭਿੰਨ ਪੱਖਾਂ ਦੀ ਪੇਸ਼ਕਾਰੀ ਕਰਦੇ ਹਨ।

ਪੰਜਾਬੀ ਸਭਿਆਚਾਰ ਵਿਚ ਸੰਦੂਕ ਦੀ ਅਹਿਮੀਅਤ ਨੂੰ ਕੇਵਲ ਵੱਡੀ ਉਮਰ ਦੇ ਮਰਦ/ਔਰਤ ਹੀ ਨਹੀਂ ਸਮਝਦੇ ਬਲਕਿ ਬੱਚਿਆਂ ਦੀ ਮਾਨਸਿਕਤਾ ਵਿਚ ਵੀ ਇਸਦੇ ਮਹੱਤਵ ਨੂੰ ਸਮਝਣ ਦੀ ਸਮਰੱਥਾ ਹੁੰਦੀ ਹੈ। ਪੰਜਾਬ ਦੀਆਂ ਲੋਕ ਖੇਡਾਂ ਪੰਜਾਬੀ ਸਭਿਆਚਾਰ ਦੇ ਹਰ ਪੱਖ ਨੂੰ ਉਘਾੜਦੀਆਂ ਹਨ। ਭਾਈਚਾਰਕ ਸਾਂਝ, ਨੈਤਿਕ ਕਦਰਾਂ-ਕੀਮਤਾਂ ਦੀ ਪਾਲਣਾ, ਚੰਗੇ ਗੁਣਾਂ ਨੂੰ ਅਪਣਾਉਣ ਦੀ ਪ੍ਰੇਰਨਾ, ਔਰਤ/ਮਰਦ ਦੀ ਸਮਾਜਿਕ ਸਥਿਤੀ ਦੀ ਪੇਸ਼ਕਾਰੀ, ਪੰਜਾਬੀ ਜੀਵਨ ਦੇ ਕਾਰ-ਵਿਹਾਰ ਆਦਿ ਸਾਰੇ ਪੱਖਾਂ ਦੀ ਪੇਸ਼ਕਾਰੀ ਪੰਜਾਬ ਦੀਆਂ ਲੋਕ ਖੇਡਾਂ ਤੇ ਲੋਕ ਖੇਡਾਂ ਨਾਲ ਗਾਏ ਜਾਣ ਵਾਲੇ ਖੇਡ ਗੀਤਾਂ ਵਿਚ ਹੋਈ ਮਿਲਦੀ ਹੈ। ਇਸੇ ਤਰ੍ਹਾਂ ਪੰਜਾਬ ਦੀ ਲੋਕ ਖੇਡ 'ਲੂਣ ਮਿਆਣੀ' ਹੈ ਜਿਸ ਵਿਚ ਸੰਦੂਕ ਨੂੰ ਚਿੱਤਰ ਦੇ ਰੂਪ ਵਿਚ ਕੇਂਦਰ ਵਿਚ ਰੱਖਿਆ ਜਾਂਦਾ ਹੈ। ਖੇਡ ਵਿਚ ਸੰਦੂਕ ਪ੍ਰਤੀਕਮਈ ਅਰਥਾਂ ਦਾ ਸੰਚਾਰ ਕਰਦਾ ਹੈ। ਇਸ ਖੇਡ ਨੂੰ ਬੱਚੇ ਤੋਂ ਲੈ ਕੇ ਗੱਭਰੂਆਂ ਤੱਕ ਸਭ ਖੇਡਦੇ ਹਨ। ਇਸਨੂੰ 'ਬਿੱਲ ਬੱਚਿਆਂ ਦੀ ਮਾਂ' ਵੀ ਕਿਹਾ ਜਾਂਦਾ ਹੈ। ਮੁੱਖ ਤੌਰ 'ਤੇ ਇਹ ਮੁੰਡਿਆਂ ਦੀ ਖੇਡ ਹੈ। ਇਸ ਖੇਡ ਲਈ ਪਿੰਡ ਤੋਂ ਬਾਹਰ ਖੁੱਲ੍ਹਾ ਮੈਦਾਨ ਚੁਣਿਆ ਜਾਂਦਾ ਹੈ। ਮੈਦਾਨ ਦਾ ਆਕਾਰ ਖਿਡਾਰੀਆਂ ਦੀ ਗਿਣਤੀ ਅਤੇ ਸਮਰੱਥਾ ਅਨੁਸਾਰ ਰੱਖਿਆ ਜਾਂਦਾ ਹੈ। ਗੱਭਰੂਆਂ ਲਈ ਵੱਡਾ ਤੇ ਬੱਚਿਆਂ ਲਈ ਛੋਟਾ। ਇਸ ਖੇਡ ਵਿਚ ਖਿਡਾਰੀਆਂ ਦੀ ਗਿਣਤੀ ਨਿਸ਼ਚਿਤ ਨਹੀਂ ਹੁੰਦੀ। ਪੰਜ ਤੋਂ ਲੈ ਕੇ ਪੰਦਰਾਂ-ਵੀਹ ਖਿਡਾਰੀ ਇਕੱਠ ਇਸ ਖੇਡ ਨੂੰ ਖੇਡ ਸਕਦੇ ਹਨ।

''ਇਸ ਖੇਡ ਲਈ ਕਿਸੇ ਵਿਸ਼ੇਸ਼ ਸਮਾਨ ਦੀ ਜ਼ਰੂਰਤ ਨਹੀਂ ਹੁੰਦੀ। ਦਸ-ਬਾਰਾਂ ਮੀਟਰ (30-35 ਫੁੱਟ) ਆਇਤਾਕਾਰ ਜਾਂ ਵਰਗਾਕਾਰ ਸ਼ਕਲ ਧਰਤੀ ਉਤੇ ਲੀਕਾਂ ਵਾਹ ਕੇ ਜਾਂ ਕਹੀ ਨਾਲ ਟੱਕ ਮਾਰ ਕੇ (ਨਿਸ਼ਾਨ ਲਗਾ ਕੇ) ਬਣਾ ਲਈ ਜਾਂਦੀ ਹੈ। ਇਸਦੇ ਅੰਦਰ ਚਾਰੇ ਪਾਸੇ ਇਕ ਦੋ ਮੀਟਰ ਚੌੜੀ ਸੜਕ ਬਣਾ ਲਈ ਜਾਂਦੀ ਹੈ। ਇਸ ਮੈਦਾਨ ਨੂੰ ਦੋ-ਢਾਈ ਮੀਟਰ ਚੌੜੀਆਂ ਚੌਰਸ ਸੜਕਾਂ ਨਾਲ ਵੰਡਿਆ ਜਾਂਦਾ ਹੈ। ਸੜਕਾਂ ਦੇ ਵਿਚਕਾਰਲੀ ਥਾਂ ਜਿੱਥੇ ਸੜਕਾਂ ਆਪਸ ਵਿਚ ਮਿਲਦੀਆਂ ਹਨ, ਇਕ ਮਿੱਟੀ ਦੀ ਢੇਰੀ ਲਾ ਲਈ ਜਾਂਦੀ ਹੈ ਜਿਸਨੂੰ ਲੂਣ ਦੀ ਢੇਰੀ ਆਖਦੇ ਹਨ। ਇਕ ਸੜਕ ਦੇ ਸਿਰੇ ਉੱਤੇ

ਮੈਦਾਨ ਤੋਂ ਬਾਹਰ ਢੇਰੀ ਦੇ ਸਾਮ੍ਹਣੇ ਡੇਢ ਦੋ ਮੀਟਰ ਦਾ ਵਰਗਾਕਾਰ ਸੰਦੂਕ ਵਾਹ ਲਿਆ ਜਾਂਦਾ ਹੈ।

ਪੁੱਗਣ ਮਗਰੋਂ ਜਿਸ ਖਿਡਾਰੀ ਸਿਰ ਦਾਈ ਹੋਵੇ, ਉਹ ਸੜਕਾਂ ਦੇ ਚੁਰਸਤੇ ਤੇ ਪਈ ਲੂਣ ਦੀ ਢੇਰੀ ਦੀ ਰਾਖੀ ਕਰਦਾ ਹੈ। ਬਾਕੀ ਖਿਡਾਰੀ ਸੜਕਾਂ ਦੇ ਵਿਚਕਾਰ ਖਿੰਡ ਕੇ ਖਲੋਤੇ ਹੁੰਦੇ ਹਨ। ਦਾਈ ਵਾਲੇ ਖਿਡਾਰੀ ਦਾ ਕੰਮ ਉਹਨਾਂ ਨੂੰ ਛੂਹਣਾ ਹੁੰਦਾ ਹੈ ਤੇ ਦੂਜੇ ਖਿਡਾਰੀਆਂ ਦਾ ਚੁਰੱਸਤੇ ਤੋਂ ਲੂਣ ਚੁੱਕ ਕੇ ਦੌੜਨਾ ਅਤੇ ਸੜਕੋਂ ਬਾਹਰ ਬਣੇ ਸੰਦੂਕ ਉਪਰੋਂ ਛੜੱਪਾ ਮਾਰ ਕੇ ਟੱਪਣਾ ਹੁੰਦਾ ਹੈ।

ਖੇਡ ਸ਼ੁਰੂ ਕਰਨ ਲਈ ਖਿਡਾਰੀਆਂ ਵਿਚੋਂ ਇਕ ਦਾਈ ਵਾਲੇ ਖਿਡਾਰੀ ਦੇ ਹੱਥ ਤੇ ਹੱਥ ਮਾਰ ਕੇ ਦੌੜਦਾ ਹੈ। ਦਾਈ ਵਾਲਾ ਖਿਡਾਰੀਆਂ ਦੇ ਮਗਰ ਛੂਹਣ ਲਈ ਨੱਸਦਾ ਹੈ। ਕੋਈ ਵੀ ਖਿਡਾਰੀ ਸੜਕੋਂ ਬਾਹਰ ਨਹੀਂ ਹੋ ਸਕਦਾ। ਜੇ ਕੋਈ ਖਿਡਾਰੀ ਸੜਕੋਂ ਅੰਦਰ ਬਣੇ ਵਰਗਾਕਾਰ ਘੇਰੇ ਵਿਚ ਪੈਰ ਪਾ ਦੇਵੇ ਤਾਂ ਉਹ ਮਰ ਗਿਆ ਭਾਵ ਖੇਡ ਤੋਂ ਬਾਹਰ ਹੋ ਗਿਆ ਸਮਝਿਆ ਜਾਵੇਗਾ। ਅਜਿਹਾ ਖਿਡਾਰੀ ਖੇਡ ਤੋਂ ਬਾਹਰ ਕਰ ਦਿੱਤਾ ਜਾਂਦਾ ਹੈ। ਛੂਹਣ ਵਾਲਾ ਖਿਡਾਰੀ ਸੜਕ ਦੇ ਵਿਚਕਾਰੋਂ ਪਿੱਛੇ ਨਹੀਂ ਮੁੜ ਸਕਦਾ ਜਿੰਨ੍ਹਾਂ ਚਿਰ ਉਹ ਸੜਕ ਤੋਂ ਮੈਦਾਨ ਦੇ ਸਿਰੇ ਤੱਕ ਨਾ ਪੁੱਜ ਜਾਵੇ।

ਇਹ ਖੇਡ ਸਰੀਰਕ ਬਲ ਤੇ ਫੁਰਤੀ ਨਾਲ ਖੇਡੀ ਜਾਂਦੀ ਹੈ। ਖਿਡਾਰੀ ਮੁੜਕੋ-ਮੁੜਕੀ ਹੋ ਜਾਂਦੇ ਹਨ। ਖਿਡਾਰੀ ਝਕਾਨੀ ਦਿੰਦੇ ਹੋਏ ਲੂਣ ਚੁੱਕ ਕੇ ਸੰਦੂਕ ਨੂੰ ਪਾਰ ਕਰਦੇ ਹਨ। ਜਿਹੜੇ ਖਿਡਾਰੀ ਸੰਦੂਕ ਪਾਰ ਕਰ ਕੇ ਪੁੱਗ ਜਾਂਦੇ ਹਨ ਉਹ 'ਨਰ' ਬਣ ਜਾਂਦੇ ਹਨ ਅਤੇ ਜਿਹੜੇ ਛੂਹੇ ਜਾਂਦੇ ਹਨ ਉਹਨਾਂ ਨੂੰ ਮਦੀਨ ਅਥਵਾ 'ਗਧੀੜ' ਆਖਿਆ ਜਾਂਦਾ ਹੈ। ਦਾਈ ਦੇਣ ਵਾਲਾ ਖਿਡਾਰੀ ਤਿੰਨ-ਚਾਰ ਖਿਡਾਰੀ ਛੂਹਣ ਮਗਰੋਂ ਨਰ ਬਣ ਜਾਂਦਾ ਹੈ ਨਹੀਂ ਤਾਂ ਉਹ ਮਦੀਨ ਦੀ ਕੋਟੀ ਵਿਚ ਹੀ ਰਹਿੰਦਾ ਹੈ। ਜਦੋਂ ਸਾਰੇ ਖਿਡਾਰੀ ਨਰ ਜਾਂ ਮਦੀਨ ਬਣ ਜਾਂਦੇ ਹਨ ਤਾਂ ਖੇਡ ਬੰਦ ਹੋ ਜਾਂਦੀ ਹੈ। ਨਰ ਬਣੇ ਖਿਡਾਰੀ ਸੰਦੂਕ ਦੇ ਨੇੜੇ ਕਤਾਰ ਬਣਾ ਕੇ ਖਲੋ ਜਾਂਦੇ ਹਨ ਅਤੇ ਮਦੀਨ ਉਹਨਾਂ ਦੇ ਸਾਹਮਣੇ

ਪੱਚੀ-ਤੀਹ ਮੀਟਰ ਦੇ ਫ਼ਾਸਲੇ ਤੇ ਜਾ ਖਲੋਂਦੇ ਹਨ। ਨਰ ਖਿਡਾਰੀ ਉੱਚੀ ਆਵਾਜ਼ ਵਿਚ ਮਦੀਨ ਖਿਡਾਰੀਆਂ ਪਾਸੋਂ ਪੁੱਛਦੇ ਹਨ :

ਬਿੱਲ ਬੱਚਿਆਂ ਦੀ ਮਾਂ
ਰੋਟੀ ਖਾਣੀ ਏ ਕੇ ਨਾ

ਜਦੋਂ ਮਦੀਨ ਖਿਡਾਰੀ ਨਾਂਹ ਕਹਿੰਦੇ ਹਨ ਤਾਂ ਨਰ ਖਿਡਾਰੀ ਫੇਰ ਉਹੀ ਸਵਾਲ ਪੁੱਛਦੇ ਹਨ। ਜਵਾਬ ਹਾਂ ਵਿਚ ਆਉਂਦਾ ਹੈ ਤਾਂ ਨਰ, ਮਦੀਨ ਖਿਡਾਰੀਆਂ ਵੱਲ ਅਤੇ ਅਤੇ ਮਦੀਨ ਨਰ ਖਿਡਾਰੀਆਂ ਵੱਲ ਦੌੜਦੇ ਹਨ। ਜਿਹੜੇ ਮਦੀਨ ਖਿਡਾਰੀ ਰਾਹ ਵਿਚ ਛੂਹੇ ਜਾਂਦੇ ਹਨ, ਉਹ ਜਿਸ ਖਿਡਾਰੀ ਦੁਆਰਾ ਛੂਹੇ ਜਾਣ, ਉਸ ਦੀ ਘੋੜੀ ਬਣ ਕੇ ਲੂਣ ਮਿਆਣੀ ਦੇ ਮੈਦਾਨ ਤੱਕ ਜਿੱਤੇ ਖਿਡਾਰੀ ਨੂੰ ਪਿੱਠ ਤੇ ਸਵਾਰੀ ਕਰਵਾਉਂਦੇ ਹਨ।

ਇਸ ਤੋਂ ਪਿੱਛੋਂ ਖੇਡ ਦੁਬਾਰਾ ਸ਼ੁਰੂ ਹੋ ਜਾਂਦੀ ਹੈ। ਦੁਬਾਰਾ ਉਹੀ ਖਿਡਾਰੀ ਵਾਰੀ ਦਿੰਦਾ ਹੈ, ਜਿਹੜਾ ਸਭ ਤੋਂ ਪਹਿਲਾਂ ਮਦੀਨ ਬਣਿਆ ਹੋਵੇ। ਇਸ ਪ੍ਰਕਾਰ ਇਹ ਖੇਡ ਉਪਰ ਦਿੱਤੀ ਰੀਤੀ ਅਨੁਸਾਰ ਚੱਲਦੀ ਰਹਿੰਦੀ ਹੈ।''[32]

ਇਸ ਲੋਕ ਖੇਡ ਵਿਚ ਉਲੀਕਿਆ ਵਰਗਾਕਾਰ ਸੰਦੂਕ ਜਿਸਨੂੰ ਪਾਰ ਕਰਨ ਉਪਰੰਤ ਖਿਡਾਰੀ ਨਰ ਬਣਦੇ ਹਨ ਦੇ ਅਰਥ ਪ੍ਰਤੀਕਾਤਮਿਕ ਹਨ। ਇੱਥੇ ਸੰਦੂਕ ਦਾ ਚਿੱਤਰ ਦੋ ਪ੍ਰਕਾਰ ਦੇ ਅਰਥਾਂ ਨੂੰ ਸੰਚਾਰਿਤ ਕਰਦਾ ਹੈ। ਇਕ ਤਾਂ ਸੰਦੂਕ ਅਜਿਹੀ ਵਸਤ ਹੈ ਜੋ ਔਰਤ ਦੀ ਨਿੱਜੀ ਜਾਇਦਾਦ ਹੁੰਦਾ ਹੈ ਜਿਸਨੂੰ ਵਰਤਣ ਦਾ ਹੱਕ ਔਰਤ ਕਿਸੇ ਨੂੰ ਨਹੀਂ ਦਿੰਦੀ। ਸੰਦੂਕ ਔਰਤ ਦਾ ਨਿੱਜੀ ਅਧਿਕਾਰ ਖੇਤਰ ਹੋਣ ਕਾਰਨ ਮਰਦ ਖਿਡਾਰੀਆਂ ਨੂੰ ਇਸ ਵਿਚ ਪੈਰ ਰੱਖਣ ਦੀ ਮਨਾਹੀ ਹੈ। ਦੂਸਰਾ ਇਹ ਸੰਦੂਕ ਔਰਤ ਦਾ ਪ੍ਰਤੀਕ ਵੀ ਕਿਹਾ ਜਾ ਸਕਦਾ ਹੈ ਜਿਸਨੂੰ ਛਾਲ ਮਾਰ ਕੇ ਟੱਪਣਾ ਔਰਤ ਉਪਰ ਜਿੱਤ ਪ੍ਰਾਪਤ ਕਰਨ ਜਾਂ ਉਸ ਉਪਰ ਕਾਬਜ਼ ਹੋਣ ਦਾ ਲਖਾਇਕ ਹੈ। ਉਹ ਖਿਡਾਰੀ ਨਰ ਹੈ ਜੋ ਸੰਦੂਕ ਤੋਂ ਛਾਲ ਮਾਰ ਕੇ ਪਾਰ ਜਾਣ ਦੀ ਸਮਰੱਥਾ ਰੱਖਦਾ ਹੈ ਅਤੇ ਬਾਕੀ ਮਦੀਨ ਬਣ ਜਾਂਦੇ ਹਨ। ਪੰਜਾਬ ਦੀਆਂ ਲੋਕ ਖੇਡਾਂ ਵਿਚੋਂ ਮੁੰਡਿਆਂ ਦੀਆਂ ਖੇਡਾਂ ਬਹੂਬਲ ਵਧਾਉਣ ਤੇ ਪ੍ਰਗਟਾਉਣ ਵਾਲੀਆਂ ਹਨ। ਇਸ ਪ੍ਰਕਾਰ ਲੂਣ ਮਿਆਣੀ ਲੋਕ

ਖੇਡ ਵਿਚ ਉਲੀਕਿਆ ਸੰਦੂਕ ਮਨੁੱਖੀ ਮਾਨਸਿਕਤਾ ਦੇ ਵਿਭਿੰਨ ਪੱਖਾਂ ਨੂੰ ਪ੍ਰਤੀਕਮਈ ਰੂਪ ਵਿਚ ਪੇਸ਼ ਕਰਦਾ ਹੈ।

ਸਾਹਿਤ ਦੀਆਂ ਵਿਭਿੰਨ ਵਿਧਾਵਾਂ ਜਿਵੇਂ ਸੂਫ਼ੀ ਕਾਵਿ, ਕਿੱਸਾ ਕਾਵਿ, ਆਧੁਨਿਕ ਕਵਿਤਾ ਦੇ ਖੇਤਰ ਵਿਚ ਵਰਤਿਆ ਗਿਆ ਸੰਦੂਕ ਦਾ ਚਿਹਨ ਵਿਭਿੰਨ ਅਰਥਾਂ ਦਾ ਸੰਚਾਰ ਮਾਧਿਅਮ ਬਣਦਾ ਹੈ। ਮਨੁੱਖੀ ਮਾਨਸਿਕਤਾ ਦੀਆਂ ਅੰਤ੍ਰੀਵ ਪਰਤਾਂ ਹੇਠ ਦੱਬੀਆਂ ਅਨੇਕ ਭਾਵਨਾਵਾਂ ਸੰਦੂਕ ਦੇ ਚਿਹਨ ਰਾਹੀਂ ਅਭਿਵਿਅਕਤ ਹੁੰਦੀਆਂ ਹਨ। ਇੱਥੇ ਵਿਭਿੰਨ ਵਿਧਾਵਾਂ ਦੀਆਂ ਕੁਝ ਰਚਨਾਵਾਂ ਨੂੰ ਹੀ ਉਦਾਹਰਨ ਵਜੋਂ ਲਿਆ ਗਿਆ ਹੈ। ਸਾਹਿਤ ਵਿਚ ਸੂਫ਼ੀ ਕਾਵਿ ਨੂੰ ਅਹਿਮ ਸਥਾਨ ਪ੍ਰਾਪਤ ਹੈ। ਜਿਸਦਾ ਮੋਢੀ ਬਾਬਾ ਸ਼ੇਖ ਫ਼ਰੀਦ ਨੂੰ ਮੰਨਿਆ ਗਿਆ ਹੈ। ਇਹਨਾਂ ਤੋਂ ਇਲਾਵਾ ਸ਼ਾਹ ਹੁਸੈਨ, ਬਾਬਾ ਬੁੱਲ੍ਹੇ ਸ਼ਾਹ, ਆਦਿ ਕਵੀਆਂ ਨੇ ਵੀ ਸੂਫ਼ੀ ਕਾਵਿ ਵਿਚ ਆਪਣਾ ਵੱਡਮੁਲਾ ਯੋਗਦਾਨ ਪਾਇਆ ਹੈ। ਸਮੁੱਚਾ ਸੂਫ਼ੀ ਕਾਵਿ ਪ੍ਰਮਾਤਮਾ ਅਤੇ ਜੀਵ-ਆਤਮਾ ਦੀ ਇਕਰੂਪਤਾ ਦੇ ਕੇਂਦਰੀ ਨੁਕਤੇ 'ਤੇ ਆਧਾਰਿਤ ਹੈ। ਪੰਜਾਬੀ ਜੀਵਨ ਵਿਹਾਰ ਦੇ ਅਨੇਕ ਵਸਤ, ਵਰਤਾਰਿਆਂ ਨੂੰ ਪ੍ਰਤੀਕਾਤਮਿਕ ਰੂਪ ਵਿਚ ਸੂਫ਼ੀ ਕਵਿਤਾ ਵਿਚ ਵਰਤਿਆ ਗਿਆ ਹੈ ਜੋ ਮਨੁੱਖੀ ਯਥਾਰਥ ਦੀ ਪੇਸ਼ਕਾਰੀ ਕਰਦੇ ਹਨ। ਇਸ ਵਿਚ ਘੜਾ, ਚਰਖਾ, ਕੱਤਣਾ, ਕੂਜੜਾ, ਦੀਵਾ, ਅੰਗੀਠੀ, ਸੰਦੂਕ ਆਦਿ ਆਉਂਦੇ ਹਨ। ਸੂਫ਼ੀ ਕਾਵਿ ਵਿਚ ਬਾਬਾ ਬੁੱਲ੍ਹੇ ਸ਼ਾਹ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ ਜਿੰਨ੍ਹਾਂ ਨੇ ਆਪਣੀ ਰਚਨਾ ਵਿਚ ਅਧਿਆਤਮਿਕ ਵਿਚਾਰਾਂ ਦੀ ਪੇਸ਼ਕਾਰੀ ਲਈ ਸੰਦੂਕ ਨੂੰ ਚਿਹਨ ਦੇ ਤੌਰ 'ਤੇ ਵਰਤਿਆ ਹੈ :

ਸੇ ਵਣਜਾਰੇ ਆਏ ਨੀ ਮਾਏ ਵਣਜਾਰੇ ਆਏ
ਲਾਲਾਂ ਦਾ ਉਹ ਵਣਜ ਕਰੇਂਦੇ ਹੋਕਾ ਆਖ ਸੁਣਾਏ
ਉੜਕ ਜਾ ਖਲੋਤੀ ਉਨਾਂ ਤੇ ਮੈਂ ਮਨੋ ਸਧਾਈਆਂ
ਭਾਈ ਵੇ ਲਾਲਾਂ ਵਾਲਿਉ ਮੈਂ ਵੀ ਲਾਲ ਲੇਵਣ ਨੂੰ ਆਈਆਂ
ਉਨਾਂ ਭਰੇ ਸੰਦੂਕ ਵਿਖਾਲੇ ਮੈਨੂੰ ਰੀਝਾਂ ਆਈਆਂ
ਵੇਖੇ ਲਾਲ ਸੁਹਾਨੇ ਸਾਰੇ ਇਕ ਤੋਂ ਇਕ ਸਵਾਏ

ਸੇ ਵਣਜਾਰੇ ਆਏ ਨੀ ਸੇ ਵਣਜਾਰੇ ਆਏ।[33]

ਇਹਨਾਂ ਸਤਰਾਂ ਵਿਚ ਅਜਿਹੇ ਵਣਜਾਰਿਆਂ ਦੀ ਗੱਲ ਕੀਤੀ ਗਈ ਹੈ ਜੋ ਪ੍ਰਮਾਤਮਾ ਦੇ ਨਾਮ ਦਾ ਵਣਜ/ਵਪਾਰ ਕਰਦੇ ਹਨ। ਉਹ ਘਰ-ਘਰ ਜਾ ਕੇ ਪ੍ਰਮਾਤਮਾ ਦੇ ਨਾਮ ਦਾ ਹੋਕਾ ਦਿੰਦੇ ਹਨ ਅਤੇ ਮਨੁੱਖੀ ਜੀਵ ਨੂੰ ਉਸਦੇ ਨਾਮ ਨਾਲ ਜੁੜਨ ਲਈ ਪ੍ਰੇਰਿਤ ਕਰਦੇ ਹਨ। ਅਜਿਹੇ ਵਣਜਾਰਿਆਂ ਦਾ ਹੋਕਾ ਸੁਣਕੇ ਪ੍ਰਮਾਤਮਾ ਦੇ ਨਾਮ ਵਿਚ ਰੰਗੀ ਹੋਈ ਜੀਵ-ਆਤਮਾ ਇਹਨਾਂ ਵੱਲ ਖਿੱਚੀ ਚਲੀ ਆਉਂਦੀ ਹੈ। ਇੱਥੇ ਵਰਤਿਆ ਗਿਆ ਸੰਦੂਕ ਦਾ ਚਿਹਨ ਮਨੁੱਖ ਦਾ ਅੰਦਰੂਨੀ ਮਨ ਹੈ ਜੋ ਨਾਮ ਰੂਪੀ ਖਜ਼ਾਨੇ ਨਾਲ ਭਰਿਆ ਹੋਇਆ ਹੈ। ਪਰ ਪ੍ਰਮਾਤਮਾ ਦੇ ਨਾਮ ਦਾ ਖਜ਼ਾਨਾ ਉਹਨਾਂ ਮਨੁੱਖਾਂ ਕੋਲ ਹੀ ਹੁੰਦਾ ਹੈ ਜੋ ਸ਼ੁੱਭ ਕਰਮ ਕਰਦੇ ਅਤੇ ਪ੍ਰਮਾਤਮਾ ਦੇ ਨਾਮ ਨੂੰ ਸਿਮਰਦੇ ਹਨ। ਇਸ ਨਾਮ ਦੇ ਸਹਾਰੇ ਹੀ ਜੀਵ ਆਤਮਾ ਸੰਸਾਰ ਰੂਪੀ ਸਾਗਰ ਪਾਰ ਕਰ ਪ੍ਰਮਾਤਮਾ ਨਾਲ ਇਕਮਿਕ ਹੁੰਦੀ ਹੈ।

ਇਸ ਕਾਫ਼ੀ ਵਿਚ ਵਣਜਾਰੇ ਉਸ ਵਿਅਕਤੀ ਦਾ ਚਿਹਨ ਹੈ ਜੋ ਖ਼ੁਦ ਪ੍ਰਮਾਤਮਾ ਦੀ ਭਗਤੀ ਵਿਚ ਲੀਨ ਹੈ ਅਤੇ ਦੂਸਰਿਆਂ ਨੂੰ ਵੀ ਇਸ ਭਗਤੀ ਲਈ ਪ੍ਰੇਰਿਤ ਕਰਦਾ ਹੈ। ਨਾਮ ਭਗਤੀ ਦਾ ਖਜ਼ਾਨਾ ਉਸਦੇ ਮਨ ਰੂਪੀ ਸੰਦੂਕ ਵਿਚ ਸਾਂਭਿਆ ਹੋਇਆ ਹੈ। ਬੇਸ਼ੱਕ ਇਹ ਕਾਫ਼ੀ ਮਨੁੱਖ ਤੇ ਪ੍ਰਮਾਤਮਾ ਦੇ ਸੰਬੰਧਾਂ ਦੇ ਅਧਿਆਤਮਿਕ ਪੱਖ ਨੂੰ ਪੇਸ਼ ਕਰਦੀ ਹੈ ਪਰ ਵਸਤ ਨੂੰ ਸਾਂਭਣ ਦੀ ਲੋੜ ਦਾ ਸੰਕਲਪ ਪੰਜਾਬੀ ਸਭਿਆਚਾਰ ਵਿਚੋਂ ਲਿਆ ਗਿਆ ਹੈ। ਇਸ ਕਾਫ਼ੀ ਤੋਂ ਸਪੱਸ਼ਟ ਹੈ ਕਿ ਸੰਦੂਕ ਉਸ ਸਮੇਂ ਦਾਜ ਵਿਚ ਦਿੱਤੀ ਜਾਣ ਵਾਲੀ ਅਹਿਮ ਵਸਤ ਸੀ। ਦੂਸਰਾ ਸਹੁਰੇ ਘਰ ਵਿਚ ਉਹੀ ਔਰਤ ਮਾਣ ਪ੍ਰਾਪਤ ਕਰਦੀ ਹੈ ਜਾਂ ਸਤਿਕਾਰ ਦੀ ਪਾਤਰ ਬਣਦੀ ਹੈ ਜੋ ਦਾਜ ਤਿਆਰ ਕਰਕੇ ਸਹੁਰੇ ਘਰ ਲੈ ਜਾਂਦੀ ਹੈ। ਅਜਿਹਾ ਨਾ ਕਰਨ ਤੇ ਉਸਨੂੰ ਸਹੁਰੇ ਘਰ ਵਿਚ ਤ੍ਰਿਸਕਾਰ ਦਾ ਸਾਹਮਣਾ ਕਰਨਾ ਪੈਂਦਾ ਹੈ। ਅਧਿਆਤਮਿਕ ਅਰਥਾਂ ਵਿਚ ਦਾਜ ਸ਼ੁੱਭ ਅਮਲਾਂ ਦਾ ਪ੍ਰਤੀਕ ਬਣਦਾ ਹੈ। ਪ੍ਰਮਾਤਮਾ ਦੇ ਘਰ ਵਿਚ ਉਹੀ ਮਨੁੱਖ ਪ੍ਰਵਾਨ ਹੁੰਦਾ ਹੈ ਜੋ ਸ਼ੁੱਭ

ਕਰਮ ਕਰਦਾ ਹੈ। ਇਸ ਕਾਫ਼ੀ ਵਿਚ ਸੰਦੂਕ ਅਜਿਹੀ ਦਾਜ ਦੀ ਵਸਤ ਦਾ ਪ੍ਰਤੀਕ ਵੀ ਬਣਦਾ ਹੈ।

ਕਿੱਸਾ ਕਾਵਿ ਪੰਜਾਬੀ ਸਾਹਿਤ ਵਿਚ ਅਰਬੀ ਫ਼ਾਰਸੀ ਦੇ ਪ੍ਰਭਾਵ ਅਧੀਨ ਪੈਦਾ ਹੋਇਆ ਕਾਵਿ ਰੂਪ ਹੈ। ਇਸ ਨਾਲ ਪੰਜਾਬੀ ਸਾਹਿਤ ਵਿਚ ਇਕ ਨਵੀਂ ਵਿਧਾ ਦਾ ਆਰੰਭ ਹੁੰਦਾ ਹੈ। ਕਿੱਸਾ ਕਾਵਿ ਵਿਚ ਪ੍ਰੀਤ ਕਹਾਣੀਆਂ ਨੂੰ ਰਚਨਾ ਦਾ ਕੇਂਦਰ ਬਣਾਇਆ ਗਿਆ ਹੈ। ਪ੍ਰੀਤ ਕਹਾਣੀਆਂ ਤੋਂ ਇਲਾਵਾ ਇਤਿਹਾਸਕ, ਮਿਥਿਹਾਸਕ ਕਹਾਣੀਆਂ ਨਾਲ ਸੰਬੰਧਿਤ ਕਿੱਸੇ ਵੀ ਪ੍ਰਾਪਤ ਹੁੰਦੇ ਹਨ ਪਰ ਇਹਨਾ ਦੀ ਗਿਣਤੀ ਘੱਟ ਹੈ। ਵਧੇਰੇ ਕਿੱਸੇ ਪ੍ਰੀਤ ਕਹਾਣੀਆਂ ਨਾਲ ਹੀ ਸੰਬੰਧਿਤ ਹਨ। ਇਹਨਾ ਕਿੱਸਿਆਂ ਵਿਚਲੇ ਪਾਤਰ ਦੁਨਿਆਵੀ ਹੋਣ ਕਾਰਨ ਇਨ੍ਹਾਂ ਵਿਚ ਪੇਸ਼ ਸਮਾਜ-ਸਭਿਆਚਾਰ ਦੇ ਵਿਭਿੰਨ ਪੱਖਾਂ ਜਿਵੇਂ ਸਮਾਜਿਕ, ਆਰਥਿਕ, ਸਾਕਾਚਾਰੀ ਪ੍ਰਬੰਧ, ਰਸਮਾਂ-ਰੀਤਾਂ ਆਦਿ ਬਾਰੇ ਵਰਣਨ ਹੋਇਆ ਮਿਲਦਾ ਹੈ। ਕਿੱਸਾ ਕਾਵਿ ਦੀ ਅਮੀਰ ਪਰੰਪਰਾ ਵਿਚ ਵਾਰਿਸ ਸ਼ਾਹ ਦੀ ਦੇਣ ਮਹਾਨ ਹੈ। ਉਸਨੇ ਆਪਣੀ ਰਚਨਾ **ਹੀਰ** ਵਿਚ ਸਮਾਜ-ਸਭਿਆਚਾਰ ਦੀ ਪੇਸ਼ਕਾਰੀ ਕਲਾਤਮਕ ਢੰਗ ਨਾਲ ਕੀਤੀ ਹੈ। ਹੀਰ ਦੇ ਵਿਆਹ ਸਮੇਂ ਦਾਜ ਵਿਚ ਦਿੱਤੀਆਂ ਜਾਂਦੀਆਂ ਵਿਭਿੰਨ ਵਸਤਾਂ ਜਿਵੇਂ, ਪਹਿਰਾਵਾ, ਹਾਰ-ਸ਼ਿੰਗਾਰ ਦੀਆਂ ਵਸਤਾਂ, ਗਹਿਣਿਆਂ ਆਦਿ ਦਾ ਜ਼ਿਕਰ ਕਿੱਸੇ ਵਿਚ ਮਿਲਦਾ ਹੈ ਉੱਥੇ ਵਿਭਿੰਨ ਵਸਤਾਂ ਨੂੰ ਸੰਭਾਲਣ ਲਈ ਵਰਤੇ ਗਏ ਸੰਦੂਕ ਦੀ ਪੇਸ਼ਕਾਰੀ ਵੀ ਕਿੱਸੇ ਵਿਚ ਹੋਈ ਮਿਲਦੀ ਹੈ :

> ਦਾਜ ਸਿਊਂ ਕੇ ਵਿਚ ਸੰਦੂਕ ਬੱਧੇ
> ਸੁਣ ਕੀ ਕੀ ਦਾਜ ਰੰਗਾਇਉ ਨੇ
> ਬੰਦ ਆਰਸੀ ਨਾਲ ਅੰਗੂਠੀਆਂ ਦੇ
> ਛੱਲੇ ਬਹੁਤ ਤਬੀਤੜੀ ਪਾਇਉ ਨੇ।[34]

ਇਸ ਸਮੇਂ ਸੰਦੂਕ ਦਾਜ ਵਿਚ ਦਿੱਤੀ ਜਾਣ ਵਾਲੀ ਅਹਿਮ ਵਸਤ ਸੀ। ਹੀਰ ਦੇ ਮਾਂ-ਬਾਪ ਵੀ ਆਪਣੀ ਧੀ ਦੇ ਵਿਆਹ 'ਤੇ ਉਸਨੂੰ ਦਾਜ ਵਿਚ ਵਿਭਿੰਨ ਵਸਤਾਂ ਦੇ ਨਾਲ-ਨਾਲ ਸੰਦੂਕ ਵੀ ਦਿੰਦੇ ਹਨ। ਸੰਦੂਕ ਦੀ ਵਰਤੋਂ ਦਾ ਅਜਿਹਾ ਪੱਖ ਇਸਨੂੰ ਅਹਿਮ ਤੇ

ਕੀਮਤੀ ਵਸਤ ਦੇ ਰੂਪ ਵਿਚ ਪੇਸ਼ ਕਰਦਾ ਹੈ। ਵਾਰਿਸ ਸ਼ਾਹ ਜਿੱਥੇ ਆਪਣੀ ਰਚਨਾ ਵਿਚ ਸੰਦੂਕ ਨੂੰ ਦਾਜ ਦੀ ਅਹਿਮ ਵਸਤ ਦੇ ਰੂਪ ਵਿਚ ਪੇਸ਼ ਕਰਦਾ ਹੈ ਉੱਥੇ ਇਸਨੂੰ ਪ੍ਰਤੀਕਾਤਮਿਕ ਅਰਥਾਂ ਦੇ ਸੰਚਾਰ ਲਈ ਵੀ ਵਰਤਦਾ ਹੈ :

> ਵਾਰਿਸ ਸ਼ਾਹ ਨ ਭੇਤ ਸੰਦੂਕ ਖੁੱਲ੍ਹੇ
> ਭਾਵੇਂ ਜਾਨ ਦਾ ਜੰਦਰਾ ਟੁੱਟ ਜਾਏ।[35]

ਇੱਥੇ ਸੰਦੂਕ ਭੇਤ ਰੱਖਣ ਦੇ ਪ੍ਰਤੀਕਮਈ ਅਰਥਾਂ ਵਿਚ ਪੇਸ਼ ਹੋਇਆ ਹੈ। ਸੰਦੂਕ ਅੰਦਰ ਰੱਖੀਆਂ ਵਸਤਾਂ ਦਾ ਭੇਤ ਕਦੇ ਕਿਸੇ ਦੂਸਰੇ ਵਿਅਕਤੀ ਨੂੰ ਨਹੀਂ ਲੱਗਦਾ। ਇਹਨਾਂ ਦਾ ਭੇਤ ਕੇਵਲ ਉਸ ਔਰਤ ਕੋਲ ਹੁੰਦਾ ਹੈ ਜਿਸਦੀ ਅਮਾਨਤ ਇਹ ਸੰਦੂਕ ਹੁੰਦਾ ਹੈ। ਇਸੇ ਤਰ੍ਹਾਂ ਮਨੁੱਖੀ ਮਨ ਅੰਦਰ ਅਨੇਕ ਭੇਤ ਹੁੰਦੇ ਹਨ ਜਿੰਨ੍ਹਾਂ ਨੂੰ ਉਹ ਕਿਸੇ ਸਾਹਮਣੇ ਨਸ਼ਰ ਨਹੀਂ ਕਰਦਾ। ਮਨੁੱਖੀ ਮਨ ਅੰਦਰਲੇ ਭੇਤ ਦਾ ਪਤਾ ਲੱਗਣ ਤੇ ਕਈ ਵਾਰ ਉਸਨੂੰ ਤ੍ਰਾਸਦਿਕ ਸਥਿਤੀ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਵੇਂ ਜਦੋਂ ਕੈਦੋ ਨੂੰ ਹੀਰ ਅਤੇ ਰਾਂਝੇ ਦੇ ਪਿਆਰ ਦਾ ਪਤਾ ਚਲਦਾ ਹੈ ਤਾਂ ਉਹ ਹੀਰ ਦੇ ਮਾਂ-ਬਾਪ ਸਾਹਮਣੇ ਇਸ ਭੇਤ ਨੂੰ ਖੋਲ੍ਹ ਦਿੰਦਾ ਹੈ ਜਿਸ ਕਾਰਨ ਦੋਹਾਂ ਨੂੰ ਵਿਛੋੜੇ ਦਾ ਅਸਹਿ ਦੁੱਖ ਸਹਿਣਾ ਪੈਂਦਾ ਹੈ। ਮਨੁੱਖ ਕਿਸੇ ਕੰਮ ਦੀ ਸਫ਼ਲਤਾ ਲਈ ਇਸਦਾ ਭੇਦ ਆਪਣੇ ਅੰਦਰ ਰੱਖਦਾ ਹੈ। ਕੰਮ ਦੀ ਸਫਲਤਾ 'ਤੇ ਹੀ ਇਹ ਭੇਤ ਕਿਸੇ ਸਾਹਮਣੇ ਖੁੱਲ੍ਹਦਾ ਹੈ। ਕਈ ਮਨੁੱਖ ਅਜਿਹੇ ਹੁੰਦੇ ਹਨ ਜੋ ਅਨੇਕ ਭੇਤਾਂ ਨੂੰ ਆਪਣੇ ਅੰਦਰ ਦਬਾ ਇਸ ਦੁਨੀਆਂ ਤੋਂ ਚਲੇ ਜਾਂਦੇ ਹਨ।

ਹਾਸ਼ਮ ਸ਼ਾਹ ਸੂਫ਼ੀ ਕਵੀ ਹੋਣ ਦੇ ਨਾਲ-ਨਾਲ ਮਹਾਨ ਕਿੱਸਾਕਾਰ ਵੀ ਹੈ। ਉਸਨੇ ਸੋਹਣੀ ਮਹੀਂਵਾਲ, ਸੱਸੀ ਪੁੰਨੂੰ, ਸ਼ੀਰੀ ਫਰਿਹਾਦ ਆਦਿ ਕਿੱਸਿਆਂ ਦੀ ਰਚਨਾ ਕੀਤੀ ਪਰ ਉਸਦੀ ਰਚਨਾ ਸੱਸੀ ਪੁੰਨੂੰ ਨੂੰ ਵਧੇਰੇ ਪ੍ਰਸਿੱਧੀ ਪ੍ਰਾਪਤ ਹੋਈ। ਇਸ ਕਿੱਸੇ ਵਿਚ ਭੰਬੋਰ ਸ਼ਹਿਰ ਦੇ ਰਾਜੇ ਘਰ ਬੇਟੀ ਦੇ ਜਨਮ ਸਮੇਂ ਨਜ਼ੂਮੀਆਂ ਦੁਆਰਾ ਭਵਿੱਖਬਾਣੀ ਕੀਤੀ ਜਾਂਦੀ ਹੈ ਕਿ ਇਹ ਲੜਕੀ ਜਵਾਨ ਹੋ ਕੇ ਕੁਲ ਨੂੰ ਦਾਗ਼ ਲਗਾਵੇਗੀ। ਰਾਜਾ ਆਪਣੀ ਮਾਣ-ਮਰਿਯਾਦਾ ਨੂੰ ਬਣਾਈ ਰੱਖਣ ਤੇ ਬਦਨਾਮੀ ਤੋਂ ਬਚਣ

ਲਈ ਸੱਸੀ ਨੂੰ ਸੰਦੂਕ ਵਿਚ ਪਾ ਕੇ ਦਰਿਆ ਵਿਚ ਰੋੜ੍ਹਨ ਦਾ ਹੁਕਮ ਦਿੰਦਾ ਹੈ। ਇਸ ਸੰਦੂਕ ਵਿਚ ਅਥਾਹ ਧਨ ਦੌਲਤ ਦੇ ਨਾਲ ਸੱਸੀ ਦੇ ਗਲ ਵਿਚ ਤਵੀਤ ਲਿਖ ਕੇ ਪਾਇਆ ਜਾਂਦਾ ਹੈ। ਸੱਸੀ ਨੂੰ ਦੌਲਤ ਸਮੇਤ ਸੰਦੂਕ ਵਿਚ ਰੱਖ ਕੇ ਦਰਿਆ ਵਿਚ ਰੋੜ੍ਹ ਦਿੱਤਾ ਜਾਂਦਾ ਹੈ :

ਪਾਇ ਸੰਦੂਕ ਰੁੜ੍ਹਾਈ ਸੱਸੀ,
ਨੂਹ ਤੂਫ਼ਾਨ ਵਗੇਂਦਾ
... ... ...
ਸੂਰਤ ਸਿਹਰ ਸੰਦੂਕ ਜੜਾਊ
ਬਿਜਲੀ ਚਮਕ ਡਰਾਵੇ,
ਹਾਸ਼ਮ ਚਾਹ ਜਿਵੇਂ ਕਨਿਆਨੀ,
ਵੇਖ ਸੰਦੂਕ ਛੁਪਾਵੇ।[36]

ਸੱਸੀ ਨੂੰ ਧਨ-ਦੌਲਤ ਸਮੇਤ ਸੰਦੂਕ ਵਿਚ ਪਾ ਕੇ ਰੋੜ੍ਹਨ ਪਿੱਛੇ ਰਾਜੇ ਦਾ ਅਚੇਤ ਮਨ ਕਾਰਜਸ਼ੀਲ ਹੁੰਦਾ ਹੈ। ਅਚੇਤ ਪੱਧਰ 'ਤੇ ਰਾਜਾ ਸਭਿਆਚਾਰਕ ਕਾਰਜ ਨਿਭਾਉਂਦਾ ਪ੍ਰਤੀਤ ਹੁੰਦਾ ਹੈ। ''ਸਮਾਜ ਵਿਚ ਇਹ ਗੱਲ ਪ੍ਰਚਲਿਤ ਹੈ ਕਿ ਧੀ ਘਰੋਂ ਖਾਲੀ ਜਾਵੇ ਤਾਂ ਧਰਤੀ ਨੂੰ ਸਵਾ ਗਜ਼ ਲੰਗਾਰ ਆਉਂਦਾ ਹੈ। ਇਸ ਮਾਨਸਿਕਤਾ ਤਹਿਤ ਸੰਦੂਕ ਵਿਚ ਧਨ-ਦੌਲਤ ਰੱਖੀ ਜਾਂਦੀ ਹੈ। ਦੂਸਰਾ ਸੰਦੂਕ ਦਾ ਹਨੇਰਾ ਅਜਿਹੇ ਗਰਭ ਦਾ ਪ੍ਰਤੀਕ ਹੈ ਜੋ ਸ਼ਾਹੀ ਕੰਨਿਆਂ ਹੁੰਦਿਆਂ ਹੋਇਆਂ ਵੀ ਧੋਬੀ ਦੀ ਧੀ ਦੇ ਰੂਪ ਵਿਚ ਅਗਲੇਰੇ ਜਨਮ ਦਾ ਸੂਚਕ ਹੈ।''[37] ਅੱਤੇ ਧੋਬੀ ਦੀ ਕਿਸਮਤ ਖੁੱਲ੍ਹ ਜਾਂਦੀ ਹੈ। ਇਕ ਤਾਂ ਨਿਰਸੰਤਾਨ ਹੋਣ 'ਤੇ ਉਸਨੂੰ ਸੰਤਾਨ ਦੀ ਪ੍ਰਾਪਤੀ ਹੁੰਦੀ ਹੈ ਦੂਸਰਾ ਅਥਾਹ ਧਨ-ਦੌਲਤ ਮਿਲਦੀ ਹੈ।

ਹਾਸ਼ਮ ਆਪ ਤਰਖਾਣ ਪਰਿਵਾਰ ਨਾਲ ਸੰਬੰਧਿਤ ਹੋਣ ਕਾਰਨ ਸੰਦੂਕ ਦੀ ਖ਼ੂਬਸੂਰਤੀ ਦੇ ਵਿਭਿੰਨ ਪਹਿਲੂਆਂ ਨੂੰ ਬੜੇ ਭਾਵ ਪੂਰਕ ਢੰਗ ਨਾਲ ਪੇਸ਼ ਕਰਦਾ ਹੈ।

ਹਾਸ਼ਮ ਨੇ ਸੰਦੂਕ ਦਾ ਜ਼ਿਕਰ ਕਲਾਤਮਕ ਪੱਖ ਤੋਂ ਵੀ ਬੜੀ ਖ਼ੂਬਸੂਰਤੀ ਨਾਲ ਕੀਤਾ ਹੈ:

ਜਿਸ ਉਸਤਾਦ ਸੰਦੂਕ ਸੱਸੀ ਦਾ
ਘੜਿਆ ਨਾਲ ਮਿਹਰ ਦੇ
ਅਫ਼ਲਾਤੂਨ ਅਰਸਤੂ ਜੇਹੇ
ਹੋਣ ਸ਼ਗਿਰਦ ਹੁਨਰ ਦੇ
... ... ...
ਹਾਸ਼ਮ ਵੇਖ ਆਰਾਇਸ਼ ਕਰਦਾ
ਸ਼ਾਬਸ਼ ਅਕਲ ਫ਼ਿਕਰ ਦੇ

ਚੰਦਨ ਸ਼ਾਖ ਮੰਗਾਇ ਕਿਦਾਹੋ
ਬੈਠ ਕਾਰੀਗਰ ਘੜਿਆ
ਬੂਟੇ ਵੇਲ ਸੁਨਹਿਰੀ ਕਰ ਕੇ
ਲਾਲ ਜਵਾਹਰ ਜੜ੍ਹਿਆ
ਪਾਇ ਜੰਜੀਰ ਚੌਫੇਰ ਪਿੰਜ਼ਰ ਨੂੰ
ਬੈਠ ਬੇਦਰਦਾ ਕੜਿਆ।[38]

ਇਸ ਤੋਂ ਸਪੱਸ਼ਟ ਹੈ ਕਿ ਉਸ ਸਮੇਂ ਵਿਚ ਵੀ ਸੰਦੂਕ ਨੂੰ ਬਣਾਉਣ ਵਾਲੇ ਕਾਰੀਗਰ ਇਸਨੂੰ ਵਰਤੋਂ ਦੀ ਵਸਤ ਦੇ ਨਾਲ-ਨਾਲ ਆਪਣੀ ਕਲਾਤਮਕ ਪ੍ਰਤਿਭਾ ਨੂੰ ਪ੍ਰਗਟਾਉਣ ਦਾ ਸਾਧਨ ਵੀ ਬਣਾਉਂਦੇ ਸਨ। ਜਿਸ ਨਾਲ ਸੰਦੂਕ ਸਧਾਰਨ ਉਪਯੋਗੀ ਵਸਤ ਨਾ ਰਹਿ ਕੇ ਕਲਾ ਕੀ ਉੱਤਮ ਕਿਰਤ ਹੋ ਨਿਬੜਦਾ ਹੈ। ਸੰਦੂਕ ਨੂੰ ਕਾਰੀਗਰ ਦੁਆਰਾ ਚੰਦਨ ਦੀ ਖ਼ੂਬਸੂਰਤ ਲੱਕੜ ਤੋਂ ਤਿਆਰ ਕੀਤਾ ਗਿਆ ਸੀ ਜਿਸ ਉਪਰ ਕਲਾਤਮਕ ਪੱਖ ਤੋਂ ਲਾਲ ਜਵਾਹਰਾਂ ਨੂੰ ਜੜ੍ਹਿਆ ਗਿਆ। ਸੰਦੂਕ ਦੀ ਬਣਤਰ ਦੇ ਅਜਿਹੇ ਕਲਾਤਮਕ ਹੁਨਰ ਨੂੰ ਵੇਖ ਕੇ ਮਹਾਨ ਵਿਦਵਾਨ ਵੀ ਅਜਿਹੇ ਕਾਰੀਗਰ ਦੇ ਹੁਨਰ ਦੇ ਸ਼ਗਿਰਦ ਬਣ ਗਏ। ਕਾਰੀਗਰ ਦੁਆਰਾ ਵਿਸ਼ੇਸ਼ ਤਕਨੀਕਾਂ ਦੀ ਵਰਤੋਂ ਕਰ ਅਜਿਹਾ

ਸੰਦੂਕ ਬਣਾਇਆ ਗਿਆ ਸੀ ਜਿਸ ਉਪਰ ਵਰਤੀਆਂ ਵਿਭਿੰਨ ਸਜਾਵਟੀ ਜੁਗਤਾਂ ਨਾਲ ਉਸਨੂੰ ਆਕਰਸ਼ਕ ਦਿੱਖ ਪ੍ਰਦਾਨ ਕੀਤੀ ਗਈ। ਇਸ ਤੋਂ ਸਪੱਸ਼ਟ ਹੈ ਕਿ ਇਸ ਸਮੇਂ ਦੌਰਾਨ ਵੀ ਅਜਿਹੇ ਕਲਾਤਮਕ ਸੰਦੂਕ ਵਰਤੋਂ ਅਧੀਨ ਸਨ। ਖ਼ਾਸਕਰ ਸ਼ਾਹੀ ਮਹਿਲਾਂ ਵਿਚ ਇਹਨਾਂ ਦੀ ਵਰਤੋਂ ਵਿਸ਼ੇਸ਼ ਰੂਪ ਵਿਚ ਵਿਭਿੰਨ ਵਸਤਾਂ ਨੂੰ ਸੰਭਾਲਣ ਲਈ ਕੀਤੀ ਜਾਂਦੀ ਸੀ।

ਪੰਜਾਬੀ ਸਾਹਿਤ ਵਿਚ ਨੰਦ ਲਾਲ ਨੂਰਪੁਰੀ ਦਾ ਨਾਮ ਗੀਤਾਂ ਦੇ ਖੇਤਰ ਵਿਚ ਵਿਸ਼ੇਸ਼ ਹੈ। ਨੂਰਪੁਰੀ ਅਜਿਹਾ ਕਲਾਕਾਰ ਹੈ ਜਿਸਦੇ ਹਰੇਕ ਗੀਤ ਵਿਚ ਪੰਜਾਬ ਦੀ ਧਰਤੀ, ਏਥੋਂ ਦੇ ਮੇਲੇ-ਤਿਉਹਾਰ, ਪੰਜਾਬੀ ਮੁਟਿਆਰਾਂ ਦਾ ਪਿਆਰ, ਔਰਤਾਂ ਦੇ ਸੁਪਨੇ, ਚਾਅ, ਵਿਛੋੜੇ ਆਦਿ ਅਨੇਕ ਭਾਵਾਂ ਦੀ ਪੇਸ਼ਕਾਰੀ ਹੋਈ ਮਿਲਦੀ ਹੈ। ਅਜਿਹੇ ਭਾਵ ਉਸਦੇ ਗੀਤਾਂ ਦਾ ਸ਼ਿੰਗਾਰ ਬਣ ਮਨੁੱਖੀ ਮਨ ਨੂੰ ਟੁੰਬਦੇ ਹਨ। ਉਹ ਆਪਣੇ ਗੀਤ 'ਸੰਦੂਕ ਮੁਟਿਆਰ ਦਾ' ਵਿਚ ਔਰਤ ਮਨ ਦੇ ਵਿਭਿੰਨ ਭਾਵਾਂ ਦੀ ਪੇਸ਼ਕਾਰੀ ਕਰਦਾ ਹੈ:

ਗੱਡੇ ਉੱਤੇ ਆ ਗਿਆ ਸੰਦੂਕ ਮੁਟਿਆਰ ਦਾ
ਸ਼ੀਸ਼ਿਆਂ 'ਚੋਂ ਕਹਿੰਦੇ ਉਹਦਾ ਵੀਰ ਵੱਗ ਚਾਰਦਾ
ਵੇਲਾਂ ਫੁੱਲ ਕਾਰੀਗਰਾਂ ਏਦਾਂ ਦੇ ਬਣਾਏ ਨੇ
ਪੇਕਿਆਂ ਨੇ ਬਾਗ਼ ਜਿਵੇਂ ਦਾਜ 'ਚੋਂ ਘਲਾਏ ਨੇ
ਵਿਚ ਇਕ ਬੂਟਾਂ ਨਵਾਂ ਧੀਆਂ ਦੇ ਪਿਆਰ ਦਾ
ਗੱਡੇ ਉੱਤੇ ਆ ਗਿਆ ਸੰਦੂਕ ਮੁਟਿਆਰ ਦਾ।

ਇਕ ਤਸਵੀਰ ਵਿਚ ਪੱਕੀਆਂ ਹਵੇਲੀਆਂ
ਚੌਦਵੀਂ ਦੇ ਚੰਦ ਨਾਲ ਖੇਡਣ ਸਹੇਲੀਆਂ
ਵਿਚ-ਵਿਚ ਝੌਲਾ ਪੈਂਦਾ ਮਿਰਗਾਂ ਦੀ ਡਾਰ ਦਾ
ਗੱਡੇ ਉੱਤੇ ਆ ਗਿਆ ਸੰਦੂਕ ਮੁਟਿਆਰ ਦਾ।

ਇਕ ਤਸਵੀਰ ਵਿਚ ਘੜਾ ਡੋਲ੍ਹ ਘਿਉ ਦਾ
ਹੱਸਦੀ ਨੇ ਹੱਥ ਫੜ ਲਇਆ ਜਾ ਕੇ ਪਿਉ ਦਾ

ਮਾਂ ਦਾ ਨਾ ਢਿੱਡ ਇਕ ਵਟ ਵੀ ਸਹਾਰਦਾ
ਗੱਡੇ ਉੱਤੇ... ... ...

ਟੁੱਟੇ ਹੋਏ ਸ਼ੀਸ਼ੇ ਤਾਈ ਵੇਖਿਆ ਜੇ ਤਾੜ ਕੇ
ਡੋਲੀ ਵਿਚ ਆਣ ਬੈਠੀ ਦੋਵੇਂ ਪੱਲੇ ਝਾੜ ਕੇ
ਦਿਲ 'ਚੋਂ ਖਿਆਲ ਡਾਢਾ ਡਾਂਢਿਆ ਦੀ ਮਾਰ ਦਾ
ਗੱਡੇ ਉੱਤੇ... ... ...

ਇਕ ਤਸਵੀਰ ਵਿਚ ਉਪਰੀ ਜਹੀ ਥਾਂ ਏ
ਉਪਰਾ ਹੀ ਪਿਉ ਕੋਲ ਉਪਰੀ ਹੀ ਮਾਂ ਏ
ਉਪਰਾ ਹੀ ਨੂਰਪੁਰੀ ਘੁੰਡ ਹੈ ਉਤਾਰਦਾ
ਗੱਡੇ ਉੱਤੇ ਆ ਗਿਆ ਸੰਦੂਕ ਮੁਟਿਆਰ ਦਾ।[39]

ਪੁਰਾਤਨ ਪੰਜਾਬ ਵਿਚ ਲੜਕੀ ਦੇ ਵਿਆਹ ਸਮੇਂ ਦਾਜ ਵਿਚ ਸੰਦੂਕ ਦਿੱਤੇ ਜਾਂਦੇ ਸਨ। ਅਜਿਹੇ ਸੰਦੂਕ ਗੱਡੇ ਉੱਪਰ ਲੱਦ ਕੇ ਸਹੁਰੇ ਘਰ ਭੇਜੇ ਜਾਂਦੇ ਸਨ। ਸੰਦੂਕ ਇਕ ਉਪਯੋਗੀ ਵਸਤ ਹੋਣ ਦੇ ਨਾਲ-ਨਾਲ ਕਲਾਤਮਕ ਵਸਤ ਵੀ ਹੈ ਜਿਸਦੇ ਨਾਲ ਅਨੇਕ ਮਨੁੱਖੀ ਭਾਵਨਾਵਾਂ ਜੁੜੀਆਂ ਹੋਈਆਂ ਹਨ। ਸੰਦੂਕ ਨੂੰ ਕਲਾਤਮਕ ਵਸਤ ਬਣਾਉਣ ਲਈ ਕਾਰੀਗਰਾਂ ਦੁਆਰਾ ਵਰਤੀਆਂ ਜਾਂਦੀਆਂ ਅਨੇਕ ਸਜਾਵਟੀ ਜੁਗਤਾਂ ਕੇਵਲ ਸ਼ਿੰਗਾਰ ਦਾ ਸਾਧਨ ਨਾ ਰਹਿ ਕੇ ਮਨੁੱਖੀ ਭਾਵਨਾਵਾਂ ਦਾ ਸੰਚਾਰ ਮਾਧਿਅਮ ਵੀ ਬਣਦੀਆਂ ਹਨ। ਨੰਦ ਲਾਲ ਨੂਰਪੁਰੀ ਦੇ ਇਸ ਗੀਤ ਵਿਚੋਂ ਵੀ ਅਜਿਹੀਆਂ ਭਾਵਨਾਵਾਂ ਦੀ ਪੇਸ਼ਕਾਰੀ ਹੋਈ ਮਿਲਦੀ ਹੈ। ਜਿਵੇਂ ਪੇਕੇ ਪਰਿਵਾਰ ਦੀਆਂ ਔਰਤਾਂ ਦੁਆਰਾ ਲੜਕੀ ਦੇ ਦਾਜ ਲਈ ਤਿਆਰ ਕੀਤੇ ਜਾਂਦੇ ਬਾਗ਼ ਉਪਰ ਅਨੇਕ ਫੁੱਲਾਂ, ਬੂਟਿਆਂ, ਵੇਲਾਂ ਨੂੰ ਚਾਵਾਂ, ਸੱਧਰਾਂ ਨਾਲ ਕੱਢਿਆ ਜਾਂਦਾ ਹੈ। ਇਸੇ ਤਰ੍ਹਾਂ ਸੰਦੂਕ ਉਪਰ ਉਲੀਕੇ ਫੁੱਲ, ਬੂਟੇ ਵੀ ਅਜਿਹੀਆਂ ਭਾਵਨਾਵਾਂ ਨੂੰ ਹੀ ਪ੍ਰਤੀਕਾਤਮਿਕ ਰੂਪ ਵਿਚ ਪੇਸ਼ ਕਰਦੇ ਹਨ। ਅਜਿਹੇ ਵੇਲ, ਫੁੱਲ, ਬੂਟੇ, ਨਵੀਂ ਉਮੀਦ, ਚਾਅ, ਖੁਸ਼ੀਆਂ ਆਦਿ ਦੇ ਪ੍ਰਤੀਕ ਬਣਦੇ ਹਨ। ਸੰਦੂਕ ਉਪਰ ਉਲੀਕੀ ਇਕ ਤਸਵੀਰ ਵਿਚੋਂ ਔਰਤ ਆਪਣੇ ਪੇਕੇ ਪਰਿਵਾਰ ਨੂੰ ਵੇਖਦੀ

ਹੈ ਜਿੱਥੇ ਉਸਨੇ ਜਨਮ ਤੋਂ ਲੈ ਕੇ ਜਵਾਨੀ ਤੱਕ ਦੇ ਸਾਰੇ ਪਲ ਬਿਤਾਏ ਹੁੰਦੇ ਹਨ। ਪੇਕੇ ਪਰਿਵਾਰ ਵਿਚ ਔਰਤ ਮਾਂ-ਬਾਪ ਤੇ ਭੈਣ-ਭਰਾ ਦੇ ਪਿਆਰ, ਸਹੇਲੀਆਂ ਦੀ ਸਾਂਝ ਨੂੰ ਮਾਣਦੀ ਹੈ। ਦੂਸਰੀ ਤਸਵੀਰ ਵਿਚ ਉਲੀਕਿਆ ਘਰ ਉਸਨੂੰ ਉਪਰਾ ਲੱਗਦਾ ਹੈ ਜਿੱਥੇ ਉਹ ਹਰ ਰਿਸ਼ਤੇ ਤੋਂ ਅਣਜਾਣ ਹੈ। ਅਜਿਹੀ ਉਪਰੀ ਥਾਂ ਉਸਦਾ ਸਹੁਰਾ ਘਰ ਹੈ। ਇੱਥੋਂ ਤੱਕ ਕਿ ਔਰਤ ਨੂੰ ਆਪਣਾ ਜੀਵਨ ਸਾਥੀ ਵੀ ਉਪਰਾ ਹੀ ਲੱਗਦਾ ਹੈ। ਸਹੁਰੇ ਘਰ ਵਿਚ ਜ਼ਿੰਮੇਵਾਰੀਆਂ ਦੇ ਬੋਝ ਹੇਠ ਦੱਬੀ ਔਰਤ ਆਪਣੇ-ਆਪ ਨੂੰ ਇਕੱਲਿਆਂ ਮਹਿਸੂਸ ਕਰਦੀ ਹੈ। ਅਜਿਹੇ ਮਾਹੌਲ ਵਿਚ ਸੰਦੂਕ ਜਿਹੀ ਵਸਤ ਹੀ ਉਸਨੂੰ ਮਾਨਸਿਕ ਸਕੂਨ ਪ੍ਰਦਾਨ ਕਰਦੀ ਹੈ। ਇਸ ਪ੍ਰਕਾਰ ਇਸ ਗੀਤ ਵਿਚ ਔਰਤ ਦੇ ਪੇਕੇ ਪਰਿਵਾਰ ਅਤੇ ਸਹੁਰੇ ਪਰਿਵਾਰ ਪ੍ਰਤੀ ਭਾਵਾਂ ਨੂੰ ਪ੍ਰਤੀਕਮਈ ਰੂਪ ਵਿਚ ਪੇਸ਼ ਕੀਤਾ ਗਿਆ ਹੈ।

ਲੋਕ ਸਾਹਿਤ ਵਿਚ ਸਮੂਹ ਦੀ ਜੀਵਨ ਸ਼ੈਲੀ ਤੇ ਲੋਕ ਮਾਨਸਿਕਤਾ ਨੂੰ ਵਿਭਿੰਨ ਵਿਧਾਵਾਂ ਰਾਹੀਂ ਰੂਪਮਾਨ ਕੀਤਾ ਜਾਂਦਾ ਹੈ। ਇਸ ਵਿਚ ਲੋਕਾਂ ਦੇ ਚਾਅ, ਰੀਝਾਂ, ਅਨੁਭਵ ਆਦਿ ਕਲਾਤਮਕ ਤੇ ਸਿਰਜਨਾਤਮਕ ਰੂਪ ਵਿਚ ਪੇਸ਼ ਹੁੰਦੇ ਹਨ। ਲੋਕ ਸਾਹਿਤ ਉਨ੍ਹਾਂ ਸਮਿਆਂ ਤੋਂ ਸਿਰਜਿਆ ਜਾ ਰਿਹਾ ਹੈ ਜਦੋਂ ਮਨੁੱਖ ਕੋਲ ਭਾਸ਼ਾ ਦਾ ਲਿਖਤੀ ਰੂਪ ਮੌਜੂਦ ਨਹੀਂ ਸੀ। ਇਸਦੇ ਬਾਵਜੂਦ ਅਨੇਕ ਰਚਨਾਵਾਂ ਪੀੜ੍ਹੀ-ਦਰ-ਪੀੜ੍ਹੀ ਸੰਚਾਰਿਤ ਹੁੰਦੀਆਂ ਰਹੀਆਂ। ''ਸੋ ਲੋਕ ਸਾਹਿਤ ਦਾ ਜੋ ਪਹਿਲਾ ਲੱਛਣ ਦੱਸਿਆ ਜਾਂਦਾ ਹੈ ਕਿ ਇਹ ਸਮੂਹ ਦੀ ਰਚਨਾ ਹੁੰਦੀ ਹੈ, ਠੀਕ ਨਹੀਂ ਜਾਪਦਾ। ਰਚਨਾ ਤਾਂ ਕਿਸੇ ਇਕ ਵਿਅਕਤੀ ਦੀ ਹੀ ਹੁੰਦੀ ਹੈ ਪਰ ਆਪਣੇ ਵਿਸ਼ੇਸ਼ ਗੁਣਾਂ ਕਰਕੇ ਸਮੂਹ ਵੱਲੋਂ ਪ੍ਰਵਾਨ ਕਰਨ ਉਪਰੰਤ ਇਹ ਮੌਖਿਕ ਰੂਪ ਵਿਚ ਸਾਂਭ ਜਾਂਦੀ ਹੈ ਅਤੇ ਸਮੇਂ, ਸਥਾਨ ਬਦਲਦੀਆਂ ਪ੍ਰਸਥਿਤੀਆਂ, ਲੋੜਾਂ ਆਦਿ ਅਨੁਸਾਰ ਇਸ ਵਿਚ ਪਰਿਵਰਤਨ ਦੀ ਸੰਭਾਵਨਾ ਬਣੀ ਰਹਿੰਦੀ ਹੈ।''[40] ਲੋਕ ਸਾਹਿਤ ਦੀਆਂ ਦੋ ਵੰਨਗੀਆਂ ਮਿਲਦੀਆਂ ਹਨ - ਲੋਕ ਕਾਵਿ ਅਤੇ ਲੋਕ ਬਿਰਤਾਂਤ। ਇਹਨਾਂ ਵੰਨਗੀਆਂ ਦੀਆਂ ਅੱਗੋਂ ਕਈ ਉਪ-ਵੰਨਗੀਆਂ ਮਿਲਦੀਆਂ ਹਨ। ਇਹਨਾਂ ਰਚਨਾਵਾਂ ਵਿਚੋਂ ਕਿਸੇ ਸਮੇਂ ਦੇ ਸਮਾਜ-ਸਭਿਆਚਾਰ ਦੇ ਅਕਸ ਨੂੰ ਵੇਖਿਆ ਜਾ ਸਕਦਾ ਹੈ।

ਪੰਜਾਬੀ ਲੋਕ ਸਾਹਿਤ ਦੀਆਂ ਵਿਭਿੰਨ ਵਿਧਾਵਾਂ ਵਿਚੋਂ ਲੋਕ ਕਾਵਿ ਇਕ ਮਹੱਤਵਪੂਰਨ ਵੰਨਗੀ ਹੈ ਜਿਸ ਦੀਆਂ ਅੱਗੋਂ ਕਈ ਵੰਨਗੀਆਂ ਜਿਵੇਂ ਸੁਹਾਗ, ਸਿੱਠਣੀਆਂ, ਲੋਕ ਗੀਤ, ਬੋਲੀਆਂ ਆਦਿ ਮਿਲਦੀਆਂ ਹਨ। ਇਹਨਾਂ ਵਿਚ ਸੰਦੂਕ ਦੇ ਚਿੰਨ੍ਹ ਨੂੰ ਵਰਤਿਆ ਗਿਆ ਹੈ। ਸੰਦੂਕ ਦੇ ਚਿਹਨ ਰਾਹੀਂ ਮਨੁੱਖੀ ਰਿਸ਼ਤਿਆਂ ਦੇ ਵਿਭਿੰਨ ਪੱਖਾਂ ਨੂੰ ਪੇਸ਼ ਕੀਤਾ ਗਿਆ ਹੈ। ਪੰਜਾਬੀ ਲੋਕ ਕਾਵਿ ਦੀਆਂ ਵਧੇਰੇ ਵੰਨਗੀਆਂ ਵਿਆਹ ਵਰਗੇ ਖੁਸ਼ੀ ਭਰੇ ਮੌਕੇ ਨਾਲ ਸੰਬੰਧ ਰੱਖਦੀਆਂ ਹਨ। ਕੁੜੀ ਦੇ ਵਿਆਹ ਸਮੇਂ ਗਾਏ ਜਾਣ ਵਾਲੇ ਸੁਹਾਗ, ਔਰਤ ਮਨ ਦੇ ਅਨੇਕ ਭਾਵਾਂ ਦੀ ਪੇਸ਼ਕਾਰੀ ਕਰਦੇ ਹਨ। ਵਿਆਹ, ਔਰਤ ਦੇ ਜੀਵਨ ਦੇ ਨਵੇਂ ਪੜਾਅ ਦੀ ਸ਼ੁਰੂਆਤ ਹੁੰਦਾ ਹੈ ਜਿੱਥੇ ਨਵੇਂ ਵਿਆਹੁਤਾ ਜੀਵਨ ਨੂੰ ਲੈ ਕੇ ਔਰਤ ਦੇ ਮਨ ਵਿਚ ਅਨੇਕ ਸੱਧਰਾਂ, ਚਾਅ ਤੇ ਸੁਪਨੇ ਹੁੰਦੇ ਹਨ ਉੱਥੇ ਪੇਕੇ ਘਰ ਨੂੰ ਛੱਡਣ ਦਾ ਦੁੱਖ, ਡਰ ਤੇ ਸੰਸੇ ਆਦਿ ਉਸਦੀ ਮਾਨਸਿਕਤਾ ਵਿਚ ਮੌਜੂਦ ਹੁੰਦੇ ਹਨ। ਔਰਤ ਦਾ ਅਰਮਾਨ ਹੁੰਦਾ ਹੈ ਕਿ ਉਸਨੂੰ ਵਧੀਆ ਵਰ, ਘਰ ਮਿਲੇ। ਮਰਿਆਦਾ ਵਿਚ ਬੱਝੀ ਹੋਈ ਔਰਤ ਆਪਣੇ ਬਾਬਲ ਕੋਲੋਂ ਸਿੱਧੇ ਰੂਪ ਵਿਚ ਵਧੀਆ ਘਰ ਦੀ ਮੰਗ ਨਹੀਂ ਕਰਦੀ ਬਲਕਿ ਲੋਕ ਕਾਵਿ ਰਾਹੀਂ ਅਜਿਹੇ ਭਾਵਾਂ ਨੂੰ ਪੇਸ਼ ਕਰਦੀ ਹੈ :

ਦੇਈ ਵੇ ਬਾਬਲ ਉਸ ਘਰੇ
ਜਿਥੇ ਦਰਜ਼ੀ ਸੀਵੇਂ ਪੱਟ
ਇਕ ਪਾਵਾਂ ਇਕ ਟੰਗਵੇਂ
ਵੇ ਮੇਰਾ ਵਿਚ ਸੰਦੂਕਾਂ ਦੇ ਹੱਥ
ਬਾਬਲ ਤੇਰਾ ਪੁੰਨ ਹੋਵੇ
ਤੇਰਾ ਹੋਵੇਗਾ ਵੱਡੜਾ ਜੱਸ।[41]

ਇਸ ਸੁਹਾਗ ਵਿਚ ਔਰਤ ਆਪਣੇ ਬਾਬਲ ਕੋਲੋਂ ਰੱਜੇ-ਪੁੱਜੇ ਘਰ ਦੀ ਮੰਗ ਕਰਦੀ ਹੈ ਜਿੱਥੇ ਉਹ ਖੁਸ਼ਹਾਲ ਜੀਵਨ ਬਤੀਤ ਕਰ ਸਕੇ। ਇੱਥੇ ਸੰਦੂਕ ਮਜ਼ਬੂਤ ਆਰਥਿਕਤਾ ਵਾਲੇ ਪਰਿਵਾਰ ਦਾ ਪ੍ਰਤੀਕ ਬਣਦਾ ਹੈ।

ਪੁਰਾਣੇ ਸਮੇਂ ਵਿਚ ਕੁੜੀਆਂ ਦੇ ਵਿਆਹ ਛੋਟੀ ਉਮਰ ਵਿਚ ਹੀ ਕਰ ਦਿੱਤੇ ਜਾਂਦੇ ਸਨ ਤੇ ਕਈ ਸਾਲਾਂ ਬਾਅਦ ਮੁਕਲਾਵੇ ਦਿੱਤੇ ਜਾਂਦੇ ਸਨ। ਕਈ ਵਾਰ ਆਰਥਿਕਤਾ ਕਾਰਨ ਮੁਕਲਾਵੇ ਅੱਗੇ ਪਾ ਦਿੱਤੇ ਜਾਂਦੇ ਸਨ। ਸੁਹਾਗ ਦੇ ਗੀਤਾਂ ਰਾਹੀਂ ਔਰਤ ਆਪਣੀ ਮਾਂ ਨੂੰ ਛੇਤੀ ਮੁਕਲਾਵਾ ਤੋਰਨ ਲਈ ਕਹਿੰਦੀ ਹੈ :

ਮਾਏ ਨੀ ਮੇਰਾ ਅੱਜ ਮੁਕਲਾਵਾ ਤੋਰ ਦੇ,
ਜੇ ਮਾਏ ਨੀ ਤੈਥੋਂ ਸੰਦੂਕ ਨਾ ਸਰਦਾ
ਪੇਟੀ ਦੇ ਨਾਲ ਸਾਨੂੰ ਤੋਰ ਦੇ
ਮਾਏ ਨੀ ਮੇਰਾ ਅੱਜ ਮੁਕਲਾਵਾ ਤੋਰ ਦੇ।[42]

ਸਹੁਰੇ ਘਰ ਪ੍ਰਤੀ ਅਨੇਕ ਸੁਪਨਿਆਂ ਨੂੰ ਔਰਤ ਆਪਣੇ ਮਨ ਵਿਚ ਸਜਾਉਂਦੀ ਹੈ। ਸਹੁਰੇ ਘਰ ਜਾਣ ਦਾ ਚਾਅ ਵੀ ਉਸਦੀ ਮਾਨਸਿਕਤਾ ਵਿਚ ਮੌਜੂਦ ਹੁੰਦਾ ਹੈ। ਅਜਿਹੇ ਭਾਵਾਂ ਨੂੰ ਉਹ ਸਿੱਧੇ ਰੂਪ ਵਿਚ ਪੇਸ਼ ਨਹੀਂ ਕਰ ਸਕਦੀ। ਇਸ ਲਈ ਲੋਕ ਕਾਵਿ ਰਾਹੀਂ ਉਹ ਅਜਿਹੀਆਂ ਭਾਵਨਾਵਾਂ ਦੀ ਪੇਸ਼ਕਾਰੀ ਕਰਦੀ ਹੈ। ਇਸ ਲੋਕ ਗੀਤ ਵਿਚ ਔਰਤ ਆਪਣੀ ਮਾਂ ਨੂੰ ਛੇਤੀ ਸਹੁਰੇ ਘਰ ਤੋਰਨ ਲਈ ਕਹਿੰਦੀ ਹੈ।

ਸਿੱਠਣੀਆਂ ਅਜਿਹਾ ਕਾਵਿ ਰੂਪ ਹੈ ਜਿਸ ਰਾਹੀਂ ਲਾੜੇ ਤੇ ਉਸਦੇ ਸਾਕ-ਸੰਬੰਧੀਆਂ ਨੂੰ ਵਿਅੰਗ ਤੇ ਟਿੱਚਰ ਦਾ ਪਾਤਰ ਬਣਾਇਆ ਜਾਂਦਾ ਹੈ। ਇਸ ਵਿਚ ਵਿਅੰਗ, ਮਸ਼ਕਰੀ ਤੇ ਹਾਸੇ-ਠੱਠੇ ਦੀ ਸੁਰ ਪ੍ਰਧਾਨ ਹੁੰਦੀ ਹੈ। ਸਿੱਠਣੀਆਂ ਕੁੜੀ ਵਾਲੀ ਧਿਰ ਦੀਆਂ ਔਰਤਾਂ ਵੱਲੋਂ ਦਿੱਤੀਆਂ ਜਾਂਦੀਆਂ ਹਨ। ''ਇਹ ਅਜਿਹਾ ਪ੍ਰਕਾਰਜ ਮੂਲ ਗੀਤ ਰੂਪ ਹੈ ਜਿਸ ਵਿਚ ਅਸਾਧਾਰਨ ਬਿੰਬ ਸਿਰਜ ਕੇ ਨੈਤਿਕ ਜੀਵਨ ਮੁੱਲਾਂ ਨੂੰ ਅਨੈਤਿਕ ਬਣਾ ਕੇ, ਪੁੱਤਰ ਵਾਲੀ ਧਿਰ ਨਾਲ ਸੰਬੰਧਿਤ ਕਰ ਕੇ ਚੋਟ ਮਾਰੀ ਜਾਂਦੀ ਹੈ ਅਤੇ ਦੂਜੀ ਧਿਰ ਨੂੰ ਨੈਤਿਕ ਪੱਧਰ 'ਤੇ ਠਿੱਠ ਕਰਕੇ ਹੱਸਿਆ ਜਾਂਦਾ ਹੈ।''[43] ਸੰਦੂਕ, ਲੱਕੜ ਤੇ ਤਰਖਾਣਾ ਸੰਦਾਂ ਨੂੰ ਆਧਾਰ ਬਣਾ ਕੇ ਦਿੱਤੀਆਂ ਜਾਣ ਵਾਲੀਆਂ ਸਿੱਠਣੀਆਂ ਦੀਆਂ ਕੁਝ ਉਦਾਹਰਨਾਂ ਇੱਥੇ ਪੇਸ਼ ਹਨ :

ਕਿੱਕਰ ਦਿਆ ਸੰਦੂਕਾਂ ਤੇਰਾ ਕਾਲਾ, ਕਾਲਾ ਰੰਗ

ਨਾਲੇ ਲਾੜਾ ਭੈਣ ਦਿੰਦਾ ਨਾਲੇ ਕੱਢਦਾ ਦੰਦ।[44]

ਸੰਦੂਕ ਉਤਲੇ ਚੁਬਾਰੇ
ਬਈ ਸ਼ਾਵਾ ! ਸੰਦੂਕ ਉਤਲੇ ਚੁਬਾਰੇ
ਰਾਣੋਂ ਦਾ ਸੰਦੂਕ ਉਤਲੇ ਚੁਬਾਰੇ
... ... ...
ਥੱਲਿਉਂ ਸੁਰਜਨ ਵਾਜਾਂ ਮਾਰੇ
ਭਾਬੀ ਉਤਰ ਆ ਬਦਕਾਰੇ
ਸਾਰੀ ਗੱਲ ਪਹੁੰਚੂ ਸਰਕਾਰੇ
ਉਥੇ ਪੈਣਗੇ ਮਾਮਲੇ ਭਾਰੇ
ਸੰਦੂਕ ਉਤਲੇ ਚੁਬਾਰੇ।[45]

ਭੈਣ ਤੇਰੀ ਵੇ ਲਾੜਿਆ
ਸੰਦੂਕ ਮੰਗਦੀ ਭਾਰੀ
ਤੇਰੀ ਭੈਣ ਦੀ ਲਾੜਿਆ
ਥਾਣੇਦਾਰ ਨਾਲ ਯਾਰੀ
ਨਾਲੇ ਦੁੱਧ ਮੰਗੇ, ਨਾਲੇ ਪੁੱਤ ਮੰਗੇ
ਨਾਲੇ ਖਸਮ ਮੰਗੇ ਪਟਵਾਰੀ।[46]

ਹਰ ਕਿੱਕਰੇ, ਹਰ ਕਿੱਕਰੇ
ਚਿੰਬੜੀ ਚੁੜੇਲ ਕਦੇ ਨਾ ਨਿਕਲੇ
ਲਾੜੇ ਭੈਣ ਨੂੰ ਚੁੜੇਲ ਚੰਬੜੀ
ਹਰ ਟੂਣੀਆਂ, ਹਰ ਟੂਣੀਆਂ
ਸੱਦੋ ਭਾਈ ਚੇਲੇ ਨੂੰ
ਲਵਾ ਲਉ ਟੂਣੀਆਂ...।[47]

ਆਉਂਦੀਏ ਕੁੜੀਏ ਜਾਂਦੀਏ ਕੁੜੀਏ
ਚੱਕ ਲਿਆ ਬਜ਼ਾਰ ਵਿਚੋਂ ਪਾਵੇ
ਨੀ ਬੁੜ੍ਹੀਏ ਸੁੱਖ ਬੱਕਰਾਂ
ਤੈਨੂੰ ਮੁੜ ਕੇ ਜਵਾਨੀ ਆਵੇ।[48]

ਆਉਂਦੀਏ ਕੁੜੀਏ ਜਾਂਦੀਏ ਕੁੜੀਏ
ਚੱਕ ਲਿਆ ਬਜ਼ਾਰ ਵਿਚੋਂ ਆਰੀ
ਵੇ ਤੂੰ ਕਿਹੜਾ ਸ਼ੇਰ ਮਾਰਨਾ
ਤੇਰੇ ਪਿਉ ਨੇ ਬਿੱਲੀ ਨਾ ਮਾਰੀ
ਵੇ ਤੂੰ ਕਿਹੜਾ ... ... ...।[49]

ਲੋਕ ਕਾਵਿ ਦੀਆਂ ਵਿਭਿੰਨ ਵੰਨਗੀਆਂ ਵਿਚ ਸੰਦੂਕ ਰਾਹੀਂ ਰਿਸ਼ਤਿਆਂ ਦੇ ਵਿਭਿੰਨ ਪ੍ਰਸੰਗਾਂ ਨੂੰ ਪੇਸ਼ ਕੀਤਾ ਗਿਆ ਹੈ। ਸਮੁੱਚੇ ਮਨੁੱਖੀ ਜੀਵਨ ਦੁਆਲੇ ਰਿਸ਼ਤਿਆਂ ਦਾ ਜਾਲ ਪਸਰਿਆ ਹੋਇਆ ਹੈ ਜੋ ਇਕ ਤੋਂ ਵਧੀਕ ਹਨ। ਆਧੁਨਿਕ ਸਮੇਂ ਵਿਚ ਸੰਚਾਰ ਸਾਧਨਾਂ ਦੀ ਵਰਤੋਂ ਨਾਲ ਇਹਨਾਂ ਰਿਸ਼ਤਿਆਂ ਦਾ ਘੇਰਾ ਵਧੇਰੇ ਵਿਸਤ੍ਰਿਤ ਤੇ ਵਿਆਪਕ ਰੂਪ ਅਖ਼ਤਿਆਰ ਕਰ ਗਿਆ ਹੈ। ਸਾਕਾਦਾਰੀ ਸਿਸਟਮ ਵਿਚ ਦੋ ਪ੍ਰਕਾਰ ਦੇ ਰਿਸ਼ਤੇ ਹੁੰਦੇ ਹਨ - ਖ਼ੂਨ ਦੇ ਰਿਸ਼ਤੇ ਅਤੇ ਸਮਾਜਿਕ ਰਿਸ਼ਤੇ। ਖ਼ੂਨ ਦੇ ਰਿਸ਼ਤੇ ਜਨਮ ਤੋਂ ਸ਼ੁਰੂ ਹੋ ਜਾਂਦੇ ਹਨ ਜਿਸ ਕਾਰਨ ਇਨ੍ਹਾਂ ਰਿਸ਼ਤਿਆਂ ਵਿਚ ਇਕ ਦੂਜੇ ਨੂੰ ਸਮਝਣ ਤੇ ਜਾਨਣ ਦੇ ਮੌਕੇ ਵਧੇਰੇ ਹੁੰਦੇ ਹਨ। ਇਹਨਾਂ ਰਿਸ਼ਤਿਆਂ ਵਿਚੋਂ ਭੈਣ-ਭਰਾ ਅਤੇ ਮਾਂ-ਬਾਪ ਦਾ ਰਿਸ਼ਤਾ ਪਿਆਰ, ਅਪਣੱਤ ਤੇ ਸਾਂਝ ਨਾਲ ਭਰਪੂਰ ਹੁੰਦਾ ਹੈ। ਖ਼ੂਨ ਦੀ ਸਾਂਝ ਰੱਖਦੇ ਅਜਿਹੇ ਰਿਸ਼ਤੇ ਸਾਰੀ ਉਮਰ ਇਕ ਦੂਜੇ ਨਾਲ ਸੁੱਖ-ਦੁੱਖ ਵੰਡਾਉਂਦੇ ਹਨ। ਹਰੇਕ ਮਾਂ ਬਾਪ ਆਪਣੀ ਧੀ ਦੇ ਸੁਨਿਹਰੀ ਭਵਿੱਖ ਦੀ ਆਸ ਕਰਦੇ ਹਨ। ਦੂਸਰਾ ਭੈਣਾਂ ਨੂੰ ਹਮੇਸ਼ਾ ਆਪਣੇ ਭਰਾਵਾਂ ਤੇ ਮਾਣ ਹੁੰਦਾ ਹੈ ਅਤੇ ਭਰਾ ਵੀ ਹਮੇਸ਼ਾ ਆਪਣੀ ਭੈਣ ਨੂੰ ਖੁਸ਼ ਵੇਖਣਾ ਚਾਹੁੰਦੇ ਹਨ। ਇਸ ਲਈ ਵਿਆਹ ਤੋਂ ਲੈ ਕੇ ਹਰ ਤਿੱਥ ਤਿਉਹਾਰਾਂ ਸਮੇਂ ਧੀ/ਭੈਣ ਨੂੰ ਦਿੱਤੀਆਂ ਜਾਂਦੀਆਂ ਅਨੇਕ ਵਸਤਾਂ ਅਜਿਹੀ ਸਾਂਝ ਨੂੰ ਰੂਪਮਾਨ ਕਰਦੀਆਂ

ਹਨ। ਧੀ/ਭੈਣ ਦੇ ਵਿਆਹ ਸਮੇਂ ਦਾਜ ਵਿਚ ਦਿੱਤੀਆਂ ਜਾਂਦੀਆਂ ਅਹਿਮ ਵਸਤਾਂ ਵਿਚੋਂ ਸੰਦੂਕ ਇਕ ਸੀ। ਧੀ/ਭੈਣ ਨੂੰ ਸਹੁਰੇ ਘਰ ਵਿਚ ਕੋਈ ਮੁਸ਼ਕਲ ਦਰਪੇਸ਼ ਨਾ ਆਵੇ ਇਸ ਆਸ ਤਹਿਤ ਸੰਦੂਕ ਦਿੱਤੇ ਜਾਂਦੇ ਸਨ। ਪੇਕੇ ਪਰਿਵਾਰ ਵੱਲੋਂ ਲੜਕੀ ਨੂੰ ਦਾਜ ਵਿਚ ਸੰਦੂਕ ਨਾ ਦੇਣ ਦੀ ਸਥਿਤੀ ਵਿਚ ਸਮਾਜਿਕ ਤਾਹਨਿਆਂ ਦਾ ਸ਼ਿਕਾਰ ਹੋਣਾ ਪੈਂਦਾ ਸੀ :

ਭੈਣ ਤੁਰ ਗਈ ਸੰਦੂਕੋਂ ਖਾਲੀ
ਵੀਰਾ ਵੇ ਮੁਰੱਬੇ ਵਾਲਿਆ।[50]

ਕਈ ਵਾਰ ਬਹੁਤੀਆਂ ਜ਼ਮੀਨਾਂ ਵਾਲੇ ਭਰਾ ਵੀ ਆਰਥਿਕ ਮੰਦਹਾਲੀ ਕਾਰਨ ਸੰਦੂਕ ਦੇਣ ਤੋਂ ਅਸਮਰੱਥ ਹੁੰਦੇ ਸਨ। ਔਰਤ ਨੂੰ ਹਮੇਸ਼ਾ ਆਪਣੇ ਭਰਾਵਾਂ 'ਤੇ ਮਾਣ ਹੁੰਦਾ ਹੈ। ਇਸ ਲਈ ਉਹ ਤਾਹਨੇ ਦੇ ਪ੍ਰਤੀ ਉੱਤਰ ਵਿਚ ਕਹਿੰਦੀ ਹੈ :

ਤਾਹਨੇ ਨਾ ਮਾਰ ਸੱਸੀਏ
ਵੀਰੇ ਆਉਣਗੇ ਸੰਦੂਕ ਲਿਆਉਣਗੇ।[51]

ਭੈਣ-ਭਰਾ ਦੇ ਰਿਸ਼ਤੇ ਵਿਚਲੀ ਅਜਿਹੀ ਸਾਂਝ ਤੇ ਭਰੋਸਾ ਇਸ ਰਿਸ਼ਤੇ ਨੂੰ ਵਿਸ਼ੇਸ਼ ਬਣਾਉਂਦੇ ਹਨ।

ਧੀ ਦਾ ਪੇਕੇ ਪਰਿਵਾਰ ਨਾਲ ਰਿਸ਼ਤਾ ਸਭ ਤੋਂ ਖ਼ਾਸ ਹੁੰਦਾ ਹੈ। ਪੇਕੇ ਪਰਿਵਾਰ ਵਿਚ ਧੀ ਘਰੇਲੂ ਜਿੰਮੇਵਾਰੀਆਂ ਵਿਚ ਮਾਂ ਨਾਲ ਪੂਰਾ ਹੱਥ ਵਟਾਉਂਦੀ ਹੈ। ਪਰ ਭਰਜਾਈ ਦੀ ਆਮਦ ਨਾਲ ਉਸਦੀ ਕਾਰ ਮੁਖ਼ਤਿਆਰੀ ਘੱਟ ਜਾਂਦੀ ਹੈ। ਏਥੋਂ ਤੱਕ ਕਿ ਭਰਾਵਾਂ 'ਤੇ ਵੀ ਉਸਦਾ ਪਹਿਲਾਂ ਵਾਲਾ ਜ਼ੋਰ ਨਹੀਂ ਰਹਿੰਦਾ। ਔਰਤ ਦੀ ਸਥਿਤੀ ਮਾਂ-ਬਾਪ ਦੀ ਮੌਤ ਤੋਂ ਬਾਅਦ ਹੋਰ ਵੀ ਤ੍ਰਾਸਦਿਕ ਹੋ ਜਾਂਦੀ ਹੈ। ਪੇਕੇ ਪਰਿਵਾਰ ਵਿਚ ਭਰਜਾਈਆਂ ਦੀ ਸਰਦਾਰੀ ਹੋਣ ਕਾਰਨ ਧੀਆਂ ਆਪਣੇ-ਆਪ ਨੂੰ ਬੇਵੱਸ ਹੋਇਆ ਮਹਿਸੂਸ ਕਰਦੀਆਂ ਹਨ। ਪੇਕੇ ਪਰਿਵਾਰ ਦੀ ਕਾਰ ਮੁਖ਼ਤਿਆਰੀ ਭਰਜਾਈਆਂ ਦੇ ਹੱਥ ਵਿਚ ਆ ਜਾਂਦੀ ਹੈ। ਅਜਿਹੀ ਸਥਿਤੀ ਵਿਚ ਔਰਤ ਮਨ ਦੀ ਵੇਦਨਾ ਨੂੰ ਲੋਕ ਕਾਵਿ ਰਾਹੀਂ ਬਿਆਨ ਕੀਤਾ ਗਿਆ ਹੈ :

ਮੱਥੇ ਵੱਟ ਨਾ ਪਾਂਈ ਭਰਜਾਈਏ
ਦੇਈਂ ਨਾ ਸੰਦੂਕ ਲੱਦ ਕੇ।[52]

ਅਸਲ ਵਿਚ ਔਰਤ ਦੀ ਜ਼ਿੰਦਗੀ ਵਿਚ ਤਣਾਅ ਦਾ ਕਾਰਨ ਬਣੇ ਰਿਸ਼ਤਿਆਂ ਪ੍ਰਤੀ ਉਸਦੇ ਮਨ ਵਿਚ ਹਮੇਸ਼ਾ ਕੁੜੱਤਣ ਰਹਿੰਦੀ ਹੈ। ਨਨਾਣ ਭਰਜਾਈ ਦਾ ਰਿਸ਼ਤਾ ਅਜਿਹੇ ਤੀਖਣ ਤਣਾਅ ਵਾਲਾ ਰਿਸ਼ਤਾ ਹੈ। ਦੂਸਰੇ ਪਾਸੇ ਭੈਣ-ਭਰਾ ਦਾ ਰਿਸ਼ਤਾ ਆਪਸੀ ਸਾਂਝ ਵਾਲਾ ਹੁੰਦਾ ਹੈ। ਕਈ ਵਾਰ ਅਜਿਹੇ ਰਿਸ਼ਤੇ ਵਿਚ ਲੈਣ-ਦੇਣ ਸੰਬੰਧੀ ਤਕਰਾਰ ਪੈਦਾ ਹੋ ਜਾਂਦੀ ਹੈ। ਅਜਿਹੀ ਤਕਰਾਰ ਕਾਰਨ ਰਿਸ਼ਤੇ ਵਿਚ ਫਿੱਕ ਪੈ ਜਾਂਦੀ ਹੈ। ਅਜਿਹੀ ਸਥਿਤੀ ਵਿਚ ਭੈਣ ਆਪਣੇ ਭਰਾ ਵੱਲੋਂ ਦਾਜ ਵਿਚ ਦਿੱਤੇ ਗਏ ਸੰਦੂਕ ਨੂੰ ਫੱਟੀਆਂ ਦਾ ਢਾਂਚਾ ਕਹਿੰਦੀ ਹੈ :

ਇਕ ਚਰਖਾ ਸੰਦੂਕ ਦੀਆਂ ਫੱਟੀਆਂ
ਤੂੰ ਕੀ ਦਿੱਤਾ ਸੀ ਵੱਡਿਆ ਵੀਰਨਾ।[53]

ਚੱਕ ਲਿਆਈਂ ਤੂੰ ਸੰਦੂਕ ਦੀਆਂ ਫੱਟੀਆਂ
ਜਦੋਂ ਵੀਰਾ ਲੋੜ ਪਈ।[54]

ਪੰਜਾਬੀ ਸਮਾਜ ਵਿਚ ਨੂੰਹ ਸੱਸ ਦਾ ਰਿਸ਼ਤਾ ਤੀਖਣ ਵਿਰੋਧ ਤੇ ਤਣਾਅ ਵਾਲਾ ਹੈ। ਅਜਿਹੇ ਰਿਸ਼ਤੇ ਵਿਚ ਮਾਂ ਧੀ ਜਿਹੀ ਨੇੜਤਾ ਬਣਨੀ ਬਹੁਤ ਮੁਸ਼ਕਲ ਹੈ। ਅਸਲ ਵਿਚ ਪੰਜਾਬੀ ਸਮਾਜ ਵਿਚ ਵਿਆਹੀ ਜਾ ਰਹੀ ਲੜਕੀ ਕੋਲੋਂ ਘਰੇਲੂ ਜ਼ਿੰਮੇਵਾਰੀਆਂ ਦੇ ਨਾਲ-ਨਾਲ ਹਰ ਪ੍ਰਕਾਰ ਦੇ ਕੰਮ ਵਿਚ ਪਰਪੱਖ ਹੋਣ ਦੀ ਆਸ ਕੀਤੀ ਜਾਂਦੀ ਹੈ। ਅਜਿਹਾ ਨਾ ਹੋਣ ਦੀ ਸਥਿਤੀ ਵਿਚ ਉਸਨੂੰ ਤ੍ਰਿਸਕਾਰ ਦੀ ਪਾਤਰ ਬਣਨਾ ਪੈਂਦਾ ਹੈ। ਦੂਸਰਾ ਨੂੰਹ ਸੱਸ ਦੇ ਰਿਸ਼ਤੇ ਵਿਚਲੀ ਤਲਖ਼ੀ ਪਿੱਛੇ ਪੀੜ੍ਹੀ ਦਾ ਅੰਤਰ ਕਾਰਜਸ਼ੀਲ ਹੁੰਦਾ ਹੈ। ਨਵੀਂ ਪੀੜ੍ਹੀ ਹਰ ਕਾਰਜ ਲਈ ਆਜ਼ਾਦੀ ਦੀ ਮੰਗ ਕਰਦੀ ਹੈ ਪਰ ਪੁਰਾਣੀ ਪੀੜ੍ਹੀ ਅਜਿਹੀ ਖੁੱਲ੍ਹ ਦੇਣ ਤੋਂ ਇਨਕਾਰੀ ਹੁੰਦੀ ਹੈ। ਜਿਸ ਕਾਰਨ ਨੂੰਹ ਸੱਸ ਦੇ ਰਿਸ਼ਤੇ ਵਿਚ ਕੁੜੱਤਣ ਪੈਦਾ ਹੁੰਦੀ ਹੈ ਜੋ ਆਪਸੀ ਤਕਰਾਰ ਨੂੰ ਜਨਮ ਦਿੰਦੀ ਹੈ। ਪੁੱਤਰ ਦੇ ਵਿਆਹ ਤੋਂ ਬਾਅਦ ਸੱਸ ਨੂੰ ਆਪਣਾ ਘਟਿਆ ਅਧਿਕਾਰ ਵੀ ਰੜਕਦਾ ਹੈ। ਇਸਦੇ

ਪ੍ਰਤੀਕਰਮ ਵਜੋਂ ਪੈਦਾ ਹੋਏ ਗੁੱਸੇ ਨੂੰ ਸੱਸ ਨੂੰਹ 'ਤੇ ਕੱਢਦੀ ਹੈ। ਨੂੰਹ ਵੀ ਸੱਸ ਪ੍ਰਤੀ ਆਪਣੇ ਭਾਵਾਂ ਨੂੰ ਸਿੱਧੇ ਰੂਪ ਵਿਚ ਪੇਸ਼ ਨਹੀਂ ਕਰ ਸਕਦੀ। ਇਸ ਲਈ ਨੂੰਹ ਆਪਣੇ ਭਾਵਾਂ ਦੇ ਵਿਰੇਚਨ ਲਈ ਲੋਕ ਕਾਵਿ ਦਾ ਸਹਾਰਾ ਲੈਂਦੀ ਹੈ। ਲੋਕ ਗੀਤਾਂ ਤੇ ਲੋਕ ਬੋਲੀਆਂ ਰਾਹੀਂ ਉਹ ਅਸਿੱਧੇ ਰੂਪ ਵਿਚ ਸੱਸ ਨੂੰ ਹਿੰਸਕ ਹੋਣ ਦੀ ਧਮਕੀ ਦਿੰਦੀ ਹੈ :

ਛੋਲੇ ਛੋਲੇ ਛੋਲੇ ਲੋਕਾਂ ਭਾਣੇ ਭੇਡ ਕੁੱਟੀਦੀ
ਸੱਸ ਕੁੱਟੀਦੀ ਸੰਦੂਕਾ ਉਹਲੇ।[55]

ਉਪਰੋਕਤ ਕਾਵਿ ਸਤਰਾਂ ਵਿਚ ਉਹਨਾਂ ਰਿਸ਼ਤਿਆਂ ਪ੍ਰਤੀ ਕੁੜੱਤਣ ਪੇਸ਼ ਹੋਈ ਹੈ ਜੋ ਔਰਤ ਦੀ ਜ਼ਿੰਦਗੀ ਵਿਚ ਤਣਾਅ ਦਾ ਕਾਰਨ ਬਣਦੇ ਹਨ। ਸਮਾਜਿਕ ਕਦਰਾਂ-ਕੀਮਤਾਂ ਅਧੀਨ ਔਰਤ ਉਹਨਾਂ ਦੇ ਵਿਰੋਧ ਵਿਚ ਨਹੀਂ ਜਾ ਸਕਦੀ। ਇਸ ਲਈ ਉਹ ਅਜਿਹੀਆਂ ਰਚਨਾਵਾਂ ਰਾਹੀਂ ਆਪਣੇ ਮਨ ਦੇ ਸਕੂਨ ਨੂੰ ਕਾਇਮ ਰੱਖਦੀ ਹੈ। ਦੂਸਰਾ ਸੱਸ ਨੂੰ ਨੂੰਹ ਸੰਦੂਕ ਉਹਲੇ ਕੁੱਟਣ ਨੂੰ ਤਰਜ਼ੀਹ ਦਿੰਦੀ ਹੈ ਕਿਉਂਕਿ ਵੱਡੇ ਆਕਾਰ ਦਾ ਹੋਣ ਕਾਰਨ ਸੰਦੂਕ ਦੇ ਉਹਲੇ ਸੱਸ ਨੂੰ ਕੁੱਟਦੇ ਸਮੇਂ ਉਸਨੂੰ ਕੋਈ ਨਹੀਂ ਵੇਖੇਗਾ। ਸਮਾਜਿਕ ਮਰਿਆਦਾ ਵਿਚ ਬੱਝੀ ਔਰਤ ਸੱਸ ਨੂੰ ਸ਼ਰੇਆਮ ਨਹੀਂ ਕੁੱਟ ਸਕਦੀ। ਅਜਿਹੀਆਂ ਰਚਨਾਵਾਂ ਔਰਤ ਦੇ ਮਨ ਦਾ ਕਥਾਰਸਿਸ ਹੀ ਹੁੰਦੀਆਂ ਹਨ।

ਰਿਸ਼ਤਿਆਂ ਦੇ ਪ੍ਰਸੰਗ ਵਿਚ ਪਤੀ-ਪਤਨੀ ਦਾ ਰਿਸ਼ਤਾ ਵਿਸ਼ੇਸ਼ ਮਹੱਤਵ ਰੱਖਦਾ ਹੈ। ਲੜਕੀ ਦੇ ਮਨ ਵਿਚ ਆਪਣੇ ਜੀਵਨ ਸਾਥੀ ਪ੍ਰਤੀ ਅਨੇਕ ਸੁਪਨੇ ਹੁੰਦੇ ਹਨ। ਜੀਵਨ ਦੇ ਲੰਮੇ ਸਫ਼ਰ ਵਿਚ ਜੇਕਰ ਵਧੀਆ ਜੀਵਨ ਸਾਥੀ ਮਿਲ ਜਾਵੇ ਤਾਂ ਜੀਵਨ ਖੁਸ਼ੀਆਂ ਨਾਲ ਭਰ ਜਾਂਦਾ ਹੈ। ਔਰਤ ਆਪਣੇ ਲਈ ਪੜ੍ਹੇ-ਲਿਖੇ ਵਰ ਦੀ ਲੋਚਾ ਰੱਖਦੀ ਹੈ। ਅਜਿਹਾ ਵਰ ਜੋ ਉਸਦੀਆਂ ਭਾਵਨਾਵਾਂ ਨੂੰ ਸਮਝੇ, ਉਸਦਾ ਮਾਣ-ਸਤਿਕਾਰ ਕਰੇ। ਪੜ੍ਹੇ ਲਿਖੇ ਵਰ ਅੱਗੇ ਉਸਨੂੰ ਸਾਰੀਆਂ ਜ਼ਮੀਨਾਂ ਜਾਇਦਾਦਾਂ ਫਿੱਕੀਆਂ ਲੱਗਦੀਆਂ ਹਨ :

ਸੰਦੂਕ ਹੋਵੇ ਲੱਕੜ ਦਾ, ਅਲਮਾਰੀ ਹੋਵੇ ਟੀਨ ਦੀ,
ਮੁੰਡਾ ਹੋਵੇ ਪੜਿਆ, ਸਾਨੂੰ ਲੋੜ ਨਹੀਂ ਜ਼ਮੀਨ ਦੀ।[56]

ਔਰਤ ਦੀ ਮਾਨਸਿਕਤਾ ਵਿਚ ਆਏ ਪਰਿਵਰਤਨ ਦਾ ਕਾਰਨ ਵਿਦਿਆ ਦਾ ਪਾਸਾਰ ਹੈ। ਇਸ ਲਈ ਉਹ ਜ਼ਮੀਨਾਂ ਜਾਇਦਾਦਾਂ ਵਾਲੇ ਵਰ ਨੂੰ ਨਹੀਂ ਬਲਕਿ ਪੜ੍ਹੇ-ਲਿਖੇ ਵਰ ਨੂੰ ਤਰਜ਼ੀਹ ਦਿੰਦੀ ਹੈ।

ਜੇਕਰ ਔਰਤ ਨੂੰ ਵਰ ਵਧੀਆ ਨਾ ਮਿਲੇ ਤਾਂ ਉਸਦਾ ਜੀਵਨ ਦੁਸ਼ਵਾਰੀਆਂ ਨਾਲ ਭਰ ਜਾਂਦਾ ਹੈ। ਅਨੇਕ ਗਮ, ਸੰਸੇ ਉਸਦੀ ਜ਼ਿੰਦਗੀ ਵਿਚ ਸ਼ਾਮਿਲ ਹੋ ਜਾਂਦੇ ਹਨ। ਔਰਤ ਦਾ ਜੀਵਨ ਤ੍ਰਾਸਦਿਕ ਬਣ ਜਾਂਦਾ ਹੈ। ਖ਼ਾਸਕਰ ਉਦੋਂ ਜਦੋਂ ਵਰ ਨਸ਼ਿਆ ਦਾ ਆਦੀ ਹੋਵੇ, ਔਰਤ ਨਾਲੋਂ ਸਰੀਰਕ ਦਿੱਖ ਪੱਖੋਂ ਸੋਹਣਾ ਨਾ ਹੋਵੇ, ਗੁਣਾਂ ਪੱਖੋਂ ਉਸ ਨਾਲ ਮੇਲ ਨਾ ਖਾਂਦਾ ਹੋਵੇ ਆਦਿ। ਅਜਿਹੀ ਸਥਿਤੀ ਵਿਚ ਔਰਤ ਦੀ ਮਾਨਸਿਕਤਾ ਨੂੰ ਲੋਕ ਕਾਵਿ ਰਾਹੀਂ ਪੇਸ਼ ਕੀਤਾ ਗਿਆ ਹੈ :

ਅਮਲੀ ਦੇ ਨਾਲ ਵਿਆਹਤਾ ਮਾਏ
ਏਨੀ ਭੁੱਕੀ ਖਾਂਦਾ
ਪੁਲਿਸ ਤਾਂ ਉਸਨੂੰ ਫੜਨ ਆ ਗਈ
ਹੇਠ ਸੰਦੂਕਾਂ ਵੜਦਾ
ਮੈਂ ਕਿਹਾ ਮੁਨਸ਼ੀ ਜੀ, ਇਹ ਤਾਂ ਚੂਹੇ ਫੜਦਾ।[57]

ਲੋਕਾਂ ਭਾਣੇ ਬਿੱਲਾਂ ਕੁੱਟਿਆ
ਬੁੱਲੜ ਕੁੱਟਿਆ ਸੰਦੂਕਾਂ ਉਹਲੇ।[58]

ਸਮਾਜ ਕਦੇ ਵੀ ਔਰਤ ਨੂੰ ਆਪਣੇ ਪਤੀ ਨੂੰ ਕੁੱਟਣ ਦੀ ਖੁੱਲ੍ਹ ਨਹੀਂ ਦਿੰਦਾ। ਅਜਿਹੀ ਖੁੱਲ੍ਹ ਨੂੰ ਕੇਵਲ ਉਹ ਲੋਕ ਕਾਵਿ ਦੇ ਰਾਹੀਂ ਹੀ ਮਾਣ ਸਕਦੀ ਹੈ। ਦੂਸਰਾ ਔਰਤ ਦਾ ਪਤੀ ਭਾਵੇਂ ਅਮਲੀ ਦੀ ਕਿਉਂ ਨਾ ਹੋਵੇ ਅਜਿਹੀ ਸਥਿਤੀ ਵਿਚ ਪਤਨੀ ਕਦੇ ਵੀ ਉਸਦਾ ਬੁਰਾ ਨਹੀਂ ਸੋਚਦੀ।

ਔਰਤ ਦੀ ਸਥਿਤੀ ਉਸ ਸਮੇਂ ਹੋਰ ਵੀ ਤ੍ਰਾਸਦਿਕ ਹੋ ਜਾਂਦੀ ਹੈ ਜਦੋਂ ਉਸਦਾ ਪਤੀ ਲਾਈ ਲੱਗ ਹੋਵੇ। ਜੋ ਕੇਵਲ ਆਪਣੀ ਮਾਂ ਤੇ ਭੈਣ ਦੀ ਹੀ ਗੱਲ ਸੁਣਦਾ ਹੋਵੇ। ਮਰਦ ਆਪਣੀ ਅਜਿਹੀ ਬਿਰਤੀ ਕਾਰਨ ਪਤਨੀ ਦੇ ਗੁਣਾਂ ਨੂੰ ਵੀ ਮਨਫ਼ੀ ਕਰ ਦਿੰਦਾ

ਹੈ। ਔਰਤ ਨੂੰ ਅਜਿਹੇ ਵਾਤਾਵਰਨ ਵਿਚ ਰਹਿਣਾ ਗਵਾਰਾ ਨਹੀਂ ਜਿੱਥੇ ਉਸਦੀ ਹੋਂਦ ਰਿਸ਼ਤਿਆਂ ਦੇ ਬੋਝ ਹੇਠ ਦੱਬੀ ਗਈ ਹੋਵੇ। ਅਜਿਹੀ ਸਥਿਤੀ ਵਿਚ ਔਰਤ ਮਰਦ ਨੂੰ ਉਸਦੀ ਗਲ਼ਤੀ ਦਾ ਅਹਿਸਾਸ ਕਰਾਉਣ ਲਈ ਸਹੁਰੇ ਘਰ ਨੂੰ ਛੱਡ ਕੇ ਪੇਕੇ ਘਰ ਜਾਣ ਦੀ ਗੱਲ ਕਰਦੀ ਹੈ :

ਕਾਲਾ ਘੱਗਰਾ ਸੰਦੂਕ ਵਿਚ ਮੇਰਾ
ਓ ਵੇਖ ਵੇਖ ਰੋਵੇਗਾ ਜੱਟਾ।[59]

ਜੀਵਨ ਦੇ ਸਫ਼ਰ ਦੌਰਾਨ ਪਤੀ-ਪਤਨੀ ਦੇ ਰਿਸ਼ਤੇ ਵਿਚ ਤਕਰਾਰ ਜਾਂ ਨੋਕ-ਝੋਕ ਹੁੰਦੀ ਰਹਿੰਦੀ ਹੈ। ਮਰਦ ਔਰਤ ਨੂੰ ਆਪਣੇ ਅਧੀਨ ਰੱਖਣਾ ਚਾਹੁੰਦਾ ਹੈ ਪਰ ਕਈ ਸਥਿਤੀਆਂ ਵਿਚ ਔਰਤ ਅਜਿਹੀ ਅਧੀਨਗੀ ਨੂੰ ਨਾ ਸਵੀਕਾਰਦੀ ਹੋਈ ਬਗ਼ਾਵਤੀ ਸੁਰ ਅਪਣਾਉਣ ਦੀ ਧਮਕੀ ਵੀ ਦਿੰਦੀ ਹੈ :

ਜੇ ਜੱਟੀਏ ਜੱਟ ਕੁੱਟਣਾ ਹੋਵੇ
ਕੁੱਟੀਏ ਸੰਦੂਕਾਂ ਓਹਲੇ
ਪਹਿਲਾਂ ਜੱਟ ਤੋਂ ਮੱਕੀ ਪਿਸਾਈਏ
ਫੇਰ ਪਿਸਾਈਏ ਛੋਲੇ
ਜੱਟੀਏ ਦੇ ਦਬਕਾ
ਜੱਟ ਫਿਰ ਨਾ ਬਰਾਬਰ ਬੋਲੇ।[60]

ਇਹਨਾ ਕਾਵਿ ਸਤਰਾਂ ਵਿਚ ਔਰਤ ਦੀ ਮਾਨਸਿਕਤਾ ਦੀ ਅਜਿਹੀ ਪੇਸ਼ਕਾਰੀ ਉਸਨੂੰ ਸਕੂਨ ਪ੍ਦਾਨ ਕਰਦੀ ਹੈ।

ਪੰਜਾਬੀ ਸਮਾਜ ਵਿਚ ਔਰਤ ਦੇ ਦਿਉਰ ਅਤੇ ਜੇਠ ਨਾਲ ਸੰਬੰਧ ਵੱਖਰੀ ਤਰ੍ਹਾਂ ਦੇ ਹੁੰਦੇ ਹਨ। ਦਿਉਰ ਭਰਜਾਈ ਦਾ ਰਿਸ਼ਤਾ ਟਿੱਚਰ, ਮਸ਼ਕਰੀ ਤੇ ਕਿਸੇ ਹੱਦ ਤੱਕ ਰੁਮਾਂਸ ਵਾਲਾ ਵੀ ਹੁੰਦਾ ਹੈ ਪਰ ਜੇਠ ਨਾਲ ਰਿਸ਼ਤਾ ਸਤਿਕਾਰ ਭਰਿਆ ਹੁੰਦਾ ਹੈ ਪਰ ਜਿੰਨ੍ਹਾਂ ਘਰਾਂ ਵਿਚ ਜੇਠ ਛੜੇ ਹੁੰਦੇ ਹਨ ਉੱਥੇ ਔਰਤ ਜੇਠ ਨਾਲ ਸਿੱਧਾ ਸੰਪਰਕ ਨਹੀਂ ਰੱਖਦੀ। ''ਮਾੜੀ ਆਰਥਿਕ ਸਥਿਤੀ ਕਾਰਨ ਛੋਟੀ ਕਿਸਾਨੀ ਦੇ ਵੱਡੇ ਪਰਿਵਾਰਾਂ ਵਿਚ

ਅਕਸਰ ਬਹੁਤੇ ਭਰਾਵਾਂ ਵਿਚੋਂ ਕਿਸੇ ਇਕ ਦਾ ਹੀ ਵਿਆਹ ਹੁੰਦਾ ਸੀ। ਅਜਿਹੇ ਪਰਿਵਾਰਾਂ ਵਿਚ ਛੜੇ ਦਿਉਰ, ਜੇਠ ਆਪਣੀਆਂ ਵਿਭਿੰਨ ਲੋੜਾਂ ਦੀ ਪੂਰਤੀ ਹਿੱਤ ਜਾਂ ਭਰਜਾਈ ਵੱਲੋਂ ਸਾਕ ਲਿਆਉਣ ਦੇ ਲਾਲਚ ਅਧੀਨ ਹੀ ਉਸਦਾ ਪਾਣੀ ਭਰਨ ਲਈ ਤਤਪਰ ਰਹਿੰਦੇ ਸਨ।''[61] ਦੂਸਰਾ ਜੇਠ ਦਾ ਰੁਤਬਾ ਉੱਚਾ ਹੋਣ ਕਾਰਨ ਉਹ ਆਪਣੀ ਭਰਜਾਈ 'ਤੇ ਰੋਅਬ ਅਤੇ ਦਬਾਅ ਬਣਾਈ ਰੱਖਣਾ ਚਾਹੁੰਦਾ ਹੈ। ਜੇਕਰ ਔਰਤ ਅਜਿਹੇ ਵਤੀਰੇ 'ਤੇ ਆਪਣਾ ਪ੍ਰਤੀਕਰਮ ਜ਼ਾਹਿਰ ਕਰਦੀ ਹੈ ਤਾਂ ਕਈ ਵਾਰ ਜੇਠ ਵੱਲੋਂ ਹਿੰਸਕ ਤਰੀਕਾ ਵੀ ਅਪਣਾ ਲਿਆ ਜਾਂਦਾ ਹੈ। ਅਜਿਹੀ ਸਥਿਤੀ ਵਿਚ ਔਰਤ ਆਪਣੇ ਬਚਾਅ ਲਈ ਸੰਦੂਕ ਦੇ ਉਹਲੇ ਲੁਕ ਜਾਂਦੀ ਹੈ। ਇੱਥੇ ਸੰਦੂਕ ਔਰਤ ਦੀ ਸੁਰੱਖਿਆ ਦਾ ਪ੍ਰਤੀਕ ਬਣਦਾ ਹੈ। ਅਜਿਹੀਆਂ ਭਾਵਨਾਵਾਂ ਲੋਕ ਬੋਲੀਆਂ ਰਾਹੀਂ ਪੇਸ਼ ਹੁੰਦੀਆਂ ਹਨ :

ਜੇਠ ਮੇਰਾ ਟੁੱਟ ਪੈਣਾ, ਮੈਨੂੰ ਗਾਲ ਬਿਨਾਂ ਨਾ ਬੋਲੇ
ਮਾਰ ਦੇਣਾ ਸੀ ਮੈਨੂੰ, ਜੇ ਨਾ ਹੁੰਦੀ ਸੰਦੂਕਾਂ ਉਹਲੇ
ਵੀਰ ਹੋਊਗਾ ਤੇਰਾ ਵੇ, ਉਹ ਕੀ ਲਗਦਾ ਏ ਮੇਰਾ,
ਮੇਰੇ ਪੈਰ ਦੀ ਜੁੱਤੀ,
ਰਿਹਾ ਕੋਲ ਖੜਾ, ਵੇ ਮੈਂ ਜੇਠ ਨੇ ਕੁੱਟੀ
ਜੇ ਤੂੰ ਕੋਲ ਨਾ ਹੁੰਦਾ, ਮੈਂ ਵੀ ਮਾਰਦੀ ਜੁੱਤੀ
ਜੇ ਮੈਂ ਕੋਲ ਨਾ ਹੁੰਦਾ, ਤੂੰ ਵੱਜਦੀ ਲੁੱਚੀ।[62]

ਮਰਦ ਪ੍ਰਧਾਨ ਸਮਾਜ ਵਿਚ ਜੇਕਰ ਮਰਦ ਔਰਤ ਪ੍ਰਤੀ ਹਿੰਸਕ ਵਤੀਰਾ ਅਪਣਾਉਂਦਾ ਹੈ ਤਾਂ ਸਮਾਜ ਇਸਦੇ ਪ੍ਰਤੀ ਕੋਈ ਪ੍ਰਤੀਕਰਮ ਜ਼ਾਹਿਰ ਨਹੀਂ ਕਰਦਾ ਪਰ ਜੇਕਰ ਉਹੀ ਤਰੀਕਾ ਔਰਤ ਵੱਲੋਂ ਅਪਣਾਉਣ ਦੀ ਗੱਲ ਕੀਤੀ ਜਾਵੇ ਤਾਂ ਸਮਾਜ ਵਿਚਲੇ ਮਨੁੱਖਾਂ ਦੁਆਰਾ ਉਸਨੂੰ ਅਪਮਾਨ-ਜਨਕ ਸ਼ਬਦਾਂ ਨਾਲ ਸੰਬੋਧਿਤ ਕੀਤਾ ਜਾਂਦਾ ਹੈ। ਮਰਦ ਦੀ ਔਰਤ ਪ੍ਰਤੀ ਅਜਿਹੀ ਮਾਨਸਿਕਤਾ ਔਰਤ ਨੂੰ ਦੁਜੈਲੀ ਸਥਿਤੀ 'ਤੇ ਲੈ ਆਉਂਦੀ ਹੈ ਜਿੱਥੇ ਔਰਤ ਨੂੰ ਤ੍ਰਾਸਦਿਕ ਸਥਿਤੀ ਭੋਗਣੀ ਪੈਂਦੀ ਹੈ।

ਲੋਕ ਕਾਵਿ ਤੋਂ ਇਲਾਵਾ ਲੋਕ ਵਾਰਤਕ ਬਿਰਤਾਂਤ ਵਿਚ ਵੀ ਸੰਦੂਕ ਦੀ ਪੇਸ਼ਕਾਰੀ ਹੋਈ ਮਿਲਦੀ ਹੈ। ਲੋਕ ਸਾਹਿਤ ਵਿਚ ਲੋਕ ਵਾਰਤਕ ਬਿਰਤਾਂਤ ਇਕ ਮਹੱਤਵਪੂਰਨ ਵਿਧਾ ਹੈ ਜਿਸਦੀ ਬਿਰਤਾਂਤਕ ਸਰੰਚਨਾ ਹੀ ਇਸਨੂੰ ਰੌਚਿਕਤਾ ਦਾ ਧਾਰਨੀ ਬਣਾਉਂਦੀ ਹੈ। ਇਹ ਲੋਕ ਸਮੂਹ ਦੀ ਰਚਨਾ ਹੈ ਜੋ ਮੌਖਿਕ ਰੂਪ ਵਿਚ ਪੀੜ੍ਹੀ-ਦਰ-ਪੀੜ੍ਹੀ ਸੰਚਾਰਿਤ ਹੁੰਦੀ ਹੈ। ਮੌਖਿਕਤਾ ਕਾਰਨ ਇਸਦੇ ਕਈ ਪਾਠ ਭੇਦ ਜਾਂ ਉਪਭਾਸ਼ਾਈ ਵਖਰੇਵੇਂ ਮਿਲਦੇ ਹਨ। ਇਸ ਰਾਹੀਂ ਕਿਸੇ ਸਮਾਜ ਵਿਚਲੇ ਲੋਕਾਂ ਦੇ ਜੀਵਨ-ਵਿਹਾਰ, ਕਦਰਾਂ-ਕੀਮਤਾਂ, ਮਾਨਸਿਕਤਾ ਆਦਿ ਨੂੰ ਭਲੀ-ਭਾਂਤ ਸਮਝਿਆ ਜਾ ਸਕਦਾ ਹੈ। ਲੋਕ ਵਾਰਤਕ ਬਿਰਤਾਂਤ ਵਿਚ ਸੰਦੂਕ ਦੀ ਪੇਸ਼ਕਾਰੀ ਵਿਭਿੰਨ ਅਰਥਾਂ ਵਿਚ ਹੋਈ ਮਿਲਦੀ ਹੈ।

ਲੋਕ ਕਹਾਣੀ ਇਸਦੀ ਪ੍ਰਮੁੱਖ ਵੰਨਗੀ ਹੈ। ਇਸਦਾ ਮੁੱਢ ਮਨੁੱਖੀ ਹੋਂਦ ਨਾਲ ਹੀ ਬੱਝਦਾ ਹੈ। ਅਨੇਕ ਦ੍ਰਿਸ਼ਟ ਅਤੇ ਅਦ੍ਰਿਸ਼ਟ ਜਗਤ ਤੇ ਵਰਤਾਰਿਆਂ ਨੂੰ ਮਨੁੱਖ ਨੇ ਕਹਾਣੀਆਂ ਵਿਚ ਪੇਸ਼ ਕੀਤਾ ਹੈ। ਅਜਿਹੀਆਂ ਲੋਕ ਕਹਾਣੀਆਂ ਮਨੁੱਖ ਦੇ ਬੌਧਿਕ ਵਿਕਾਸ ਦਾ ਹੀ ਸਿੱਟਾ ਹਨ। ਇਸ ਵਿਚ ਜਨੌਰ ਕਹਾਣੀਆਂ, ਦੰਤ ਕਥਾ, ਪਰੀ ਕਹਾਣੀਆਂ ਆਦਿ ਆਉਂਦੀਆਂ ਹਨ। ਲੋਕ ਕਹਾਣੀਆਂ ਵਿਚ ਸੰਦੂਕ ਦੀ ਵਰਤੋਂ ਵਿਭਿੰਨ ਪ੍ਰਸੰਗਾਂ ਵਿਚ ਹੋਈ ਮਿਲਦੀ ਹੈ। ਇੱਥੇ ਕੁਝ ਲੋਕ ਕਹਾਣੀਆਂ ਦੀ ਚਰਚਾ ਕੀਤੀ ਜਾ ਰਹੀ ਹੈ :

''ਸੰਦੂਕ ਵਿਚ ਵਹੁਟੀ''[63]

ਇਕ ਸ਼ਹਿਰ ਦੇ ਬਾਹਰ ਪੁਰਾਣਾ ਮੰਦਰ ਸੀ। ਉੱਥੇ ਹਰ ਰੋਜ਼ ਸੈਂਕੜੇ ਸ਼ਰਧਾਲੂ ਆਉਂਦੇ ਸਨ ਅਤੇ ਮੂਰਤੀ ਦੇ ਸਾਹਮਣੇ ਫਲਾਂ, ਮਠਿਆਈਆਂ ਤੇ ਸਿੱਕਿਆਂ ਦੀ ਭੇਟਾ ਚੜਾਉਂਦੇ ਸਨ।

ਇਕ ਨੌਜਵਾਨ ਗੇਰੂਆਂ ਪਹਿਰਾਵਾ ਪਹਿਨ ਕੇ ਮੰਦਰ ਦੇ ਕੋਲ ਹੀ ਇਕ ਕੁਟੀਆਂ ਬਣਾ ਕੇ ਰਹਿਣ ਲੱਗਾ। ਉਹ ਆਪਣੀਆਂ ਅੱਖਾਂ ਬੰਦ ਕਰਕੇ ਇਸ ਪ੍ਰਕਾਰ ਬੈਠਦਾ ਜਿਵੇਂ ਪ੍ਰਭੂ ਭਗਤੀ ਵਿਚ ਲੀਨ ਹੋਵੇ। ਆਪਣੇ ਬੈਠਣ ਲਈ ਉਸਨੇ ਉਹ ਥਾਂ ਚੁਣਿਆ ਜਿੱਥੋਂ ਕਿ ਮੰਦਰ ਆਉਣ ਵਾਲੇ ਲੋਕ ਉਸਨੂੰ ਦੇਖ ਸਕਣ। ਉਹ ਬਹੁਤ ਘੱਟ ਬੋਲਦਾ ਸੀ। ਸ਼ਰਧਾਲੂ ਇਹੀ ਕਹਿੰਦੇ, ''ਜ਼ਰੂਰ ਕੋਈ ਧਰਮਾਤਮਾ ਹੋਵੇਗਾ।'' ਮੰਦਰ ਆਉਣ ਵਾਲੇ ਸ਼ਰਧਾਲੂ ਉਸ ਧਰਮਾਤਮਾ ਕੋਲ ਵੀ ਆਉਂਦੇ ਉਸਨੂੰ ਪ੍ਰਣਾਮ ਕਰਦੇ ਅਤੇ ਖਾਣ-ਪੀਣ ਦੀਆਂ ਵਸਤਾਂ ਤੇ ਪੈਸੇ ਵੀ ਭੇਟ ਕਰਦੇ ਸਨ। ਨਕਲੀ ਤਪੱਸਵੀ ਉਹਨਾਂ ਨੂੰ ਇਵੇਂ ਆਸ਼ੀਰਵਾਦ ਦਿੰਦਾ ਜਿਵੇਂ ਕਿ ਉਹ ਸੱਚਾ ਪਰਮਾਤਮਾ ਹੋਵੇ। ਸ਼ਰਧਾਲੂਆਂ ਵੱਲੋਂ ਭੇਟਾ ਕੀਤੇ ਪੈਸਿਆਂ ਨਾਲ ਉਸਨੇ ਮੰਦਰ ਦੇ ਨੇੜੇ ਆਪਣਾ ਇਕ ਵਧੀਆ ਘਰ ਬਣਾਇਆ। ਛੇਤੀ ਹੀ ਅਵਾਰਾ ਜਿਹੇ ਅੱਧੀ ਦਰਜਨ ਲੋਕ ਉਸਦੇ ਆਲੇ-ਦੁਆਲੇ ਜਮ੍ਹਾ ਹੋ ਗਏ। ਉਹ ਇਵੇਂ ਦਿਖਾਉਣ ਲੱਗੇ ਜਿਵੇਂ ਉਹ ਸਾਰੇ ਉਸ ਧਰਮਾਤਮਾ ਦੇ ਚੇਲੇ ਹੋਣ ਤੇ ਉਹ ਠੱਗ ਉਹਨਾਂ ਦਾ ਗੁਰੂ ਬਣ ਬੈਠਾ।

ਇਕ ਦਿਨ ਧਨੀ ਵਪਾਰੀ, ਉਸਦੀ ਪਤਨੀ ਤੇ ਪੁੱਤਰੀ ਨਕਲੀ ਧਰਮਾਤਮਾ ਦੇ ਦਰਸ਼ਨ ਕਰਨ ਲਈ ਆਏ। ਉਹਨਾਂ ਨੇ ਸ਼ਰਧਾ ਨਾਲ ਆਪਣੇ ਹੱਥ ਜੋੜੇ ਹੋਏ ਸਨ। ਨਕਲੀ ਧਰਮਾਤਮਾ ਨੇ ਉਹਨਾਂ ਨੂੰ ਦੇਖਿਆ। ਵਪਾਰੀ ਦੀ ਧੀ ਬਹੁਤ ਸੁੰਦਰ ਸੀ। ਉਸ ਨੌਜਵਾਨ ਲੜਕੀ ਨੂੰ ਦੇਖ ਕੇ ਧਰਮਾਤਮਾ ਦਾ ਦਿਲ ਬੇਈਮਾਨ ਹੋ ਗਿਆ। ਉਸਨੇ ਸੋਚਿਆ, ''ਮੈਨੂੰ ਇਹੋ ਜਿਹੀ ਕੁੜੀ ਨਾਲ ਵਿਆਹ ਕਰਨਾ ਚਾਹੀਦਾ ਹੈ।'' ਉਸਨੇ ਆਪਣੇ ਚੇਲੇ ਨੂੰ ਹੁਕਮ ਦਿੱਤਾ, ''ਮੈਂ ਵਪਾਰੀ ਨੂੰ ਇਕਾਂਤ ਵਿਚ ਮਿਲਣਾ ਚਾਹੁੰਦਾ ਹਾਂ।'' ਜਦੋਂ ਵਪਾਰੀ ਧਰਮਾਤਮਾ ਨੂੰ ਮਿਲਣ ਆਇਆ ਤਾਂ ਨਕਲੀ ਧਰਮਾਤਮਾ ਨੇ ਕਿਹਾ, ''ਸ੍ਰੀਮਾਨ ਜੀ ਸਾਰੇ ਜਾਣਦੇ ਹਨ ਕਿ ਮੈਂ ਆਮ ਬੰਦਿਆਂ ਨਾਲ ਗੱਲਾਂ ਨਹੀਂ ਕਰਦਾ। ਮੈਨੂੰ ਤੇਰੇ 'ਤੇ ਤਰਸ ਆਇਆ, ਤਾਂ ਮੈਂ ਆਪਣੀ ਚੁੱਪ ਤੋੜੀ ਹੈ। ਮੈਂ ਭਵਿੱਖ ਦੀਆਂ ਘਟਨਾਵਾਂ ਨੂੰ ਦੇਖਣ ਦੀ

ਸਮਰੱਥਾ ਰੱਖਦਾ ਹਾਂ। ਮੈਨੂੰ ਇਹ ਕਹਿੰਦੇ ਹੋਏ ਬੜਾ ਦੁੱਖ ਹੋ ਰਿਹਾ ਹੈ ਕਿ ਬਹੁਤ ਛੇਤੀ ਤੇਰੇ 'ਤੇ ਇਕ ਵੱਡੀ ਮੁਸੀਬਤ ਆਉਣ ਵਾਲੀ ਹੈ।''

ਇਹ ਸੁਣ ਕੇ ਵਪਾਰੀ ਦਾ ਰੰਗ ਪੀਲਾ ਪੈ ਗਿਆ। ਉਸਨੇ ਕਿਹਾ, ''ਮੇਰਾ ਜਹਾਜ਼ ਸਮੁੰਦਰ ਵਿਚ ਹੈ। ਮੈਂ ਆਪਣੀ ਸਾਰੀ ਦੌਲਤ ਉਸ ਜਹਾਜ਼ ਵਿਚ ਕੀਮਤੀ ਸਮਾਨ ਭਰਨ ਵਿਚ ਲਗਾ ਦਿੱਤੀ ਹੈ। ਮੇਰੀ ਕਿਸਮਤ ਜਹਾਜ਼ ਦੇ ਸੁਰੱਖਿਅਤ ਵਾਪਸ ਆ ਜਾਣ 'ਤੇ ਹੀ ਨਿਰਭਰ ਕਰਦੀ ਹੈ।'' ਇੰਝ ਕਹਿੰਦੇ ਹੋਏ ਵਪਾਰੀ ਦੇ ਬੁੱਲ੍ਹ ਡਰ ਨਾਲ ਘੁੱਟੇ ਜਾ ਰਹੇ ਸਨ।

ਧਰਮਾਤਮਾ ਨੇ ਕਿਹਾ, ''ਮੈਂ ਤੈਨੂੰ ਦੱਸਣਾ ਚਾਹੁੰਦਾ ਹਾਂ ਕਿ ਤੇਰੀ ਕਿਸਮਤ ਡਾਵਾਂ-ਡੋਲ ਹੈ। ਇਸ ਸਮੇਂ ਤੇਰਾ ਜਹਾਜ਼ ਇਕ ਭਿਆਨਕ ਤੂਫ਼ਾਨ ਵਿਚ ਫਸਿਆ ਹੋਇਆ ਹੈ। ਮੈਂ ਜਹਾਜ਼ ਨੂੰ ਪੂਰੀ ਤਰ੍ਹਾਂ ਤਬਾਹ ਹੋਣ ਤੋਂ ਬਚਾਉਣ ਦੀ ਪੂਰੀ ਕੋਸ਼ਿਸ਼ ਕਰਾਂਗਾ। ਪਰ ਮੈਂ ਤੇਰੀ ਬਦਕਿਸਮਤੀ ਦੇ ਵਿਰੁੱਧ ਕਿਵੇਂ ਸੰਘਰਸ਼ ਕਰ ਸਕਦਾ ਹਾਂ ਜਦੋਂ ਕਿ ਉਸਦੇ ਕਾਰਨ ਨੂੰ ਤੂੰ ਆਪ ਉਤਸ਼ਾਹਿਤ ਕਰ ਰਿਹਾ ਹੈ।''

ਵਪਾਰੀ ਧਰਮਾਤਮਾ ਦੇ ਪੈਰਾਂ ਵਿਚ ਡਿੱਗ ਪਿਆ ਅਤੇ ਕਹਿਣ ਲੱਗਾ, ''ਬਿਨਾਂ ਸ਼ੱਕ ਜੋ ਕੁਝ ਤੁਸੀਂ ਕਹਿ ਰਹੇ ਹੋ ਉਸਦੇ ਵਿਚ ਬਹੁਤ ਸੱਚਾਈ ਹੈ ਪਰ ਮੈਨੂੰ ਕੁਝ ਸਮਝ ਨਹੀਂ ਆ ਰਿਹਾ ਕਿ ਮੈਂ ਕਿਸ ਪ੍ਰਕਾਰ ਆਪਣੇ ਜਹਾਜ਼ ਨੂੰ ਤਬਾਹੀ ਤੋਂ ਬਚਾਵਾਂ। ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਮੇਰੀ ਬਦਕਿਸਮਤੀ ਦੇ ਕਾਰਨ ਨੂੰ ਜੜ੍ਹੋਂ ਮਿਟਾਉਣ ਵਿਚ ਮੇਰੀ ਮਦਦ ਕਰੋ।'' ਇਹ ਕਹਿੰਦਿਆਂ ਹੋਇਆ ਵਪਾਰੀ ਰੋਣ ਲੱਗ ਪਿਆ।

ਧਰਮਾਤਮਾ ਨੇ ਕਿਹਾ, ''ਕੇਵਲ ਤੂੰ ਹੀ ਆਪਣੀ ਬਦਕਿਸਮਤੀ ਨੂੰ ਠੀਕ ਕਰ ਸਕਦਾ ਹੈਂ। ਇਸ ਮਾਮਲੇ ਵਿਚ ਮੈਂ ਤਾਂ ਤੈਨੂੰ ਸਿਰਫ਼ ਰਸਤਾ ਦਿਖਾ ਸਕਦਾ ਹਾਂ। ਤੇਰੀ ਬਦਕਿਸਮਤੀ ਦਾ ਕਾਰਨ ਤੇਰੀ ਧੀ ਹੈ। ਜਦੋਂ ਤੱਕ ਉਹ ਤੇਰੇ ਨਾਲ

ਹੈ, ਦੁਨੀਆਂ ਦੀ ਕੋਈ ਵੀ ਤਾਕਤ ਤੇਰੀ ਰੱਖਿਆ ਨਹੀਂ ਕਰ ਸਕਦੀ। ਤੈਨੂੰ ਉਸਨੂੰ ਤੁਰੰਤ ਛੱਡਣਾ ਪਵੇਗਾ।

ਵਪਾਰੀ ਨੇ ਕਿਹਾ, ''ਮੈਂ ਉਸਦਾ ਪਿਉ ਹਾਂ, ਮੈਂ ਉਸਨੂੰ ਕਿਵੇਂ ਛੱਡ ਸਕਦਾ ਹਾਂ?'' ਧਰਮਾਤਮਾ ਨੇ ਕਿਹਾ, ''ਇਹ ਕੰਮ ਤੂੰ ਹੀ ਕਰ ਸਕਦਾ ਹੈਂ। ਤੂੰ ਉਸ(ਆਪਣੀ ਧੀ) ਨੂੰ ਸੰਦੂਕ ਵਿਚ ਬੰਦ ਕਰਕੇ, ਸੰਦੂਕ ਨੂੰ ਨਦੀ ਵਿਚ ਰੋੜ੍ਹ ਦੇ। ਤੇਰੇ ਕੋਲ ਕੇਵਲ ਅੱਜ ਰਾਤ ਤੱਕ ਦਾ ਸਮਾਂ ਹੈ। ਸੰਦੂਕ 'ਤੇ ਲੈਂਪ ਰੱਖਣਾ ਨਾ ਭੁੱਲਣਾ।''

ਵਪਾਰੀ ਥਥਲਾ ਕੇ ਬੋਲਿਆ, ''ਸ੍ਰੀਮਾਨ ਜੀ, ਮੈਨੂੰ ਮੁਆਫ ਕਰੋ। ਮੈਂ ਆਪਣੀ ਬੱਚੀ ਨੂੰ ਨਹੀਂ ਤਿਆਗ ਸਕਦਾ। ਇਹ ਤਾਂ ਜਹਾਜ਼ ਗੁਆਉਣ ਨਾਲੋਂ ਵੀ ਮਾੜੀ ਗੱਲ ਹੋਵੇਗੀ।''

ਧਰਮਾਤਮਾ ਮੁਸਕਰਾ ਕੇ ਬੋਲਿਆ, ''ਤੂੰ ਅਣਜਾਣ ਹੈਂ। ਮੈਂ ਤੇਰੀ ਧੀ ਦਾ ਭਵਿੱਖ ਆਪਣੀ ਉਂਗਲੀ ਦੇ ਨਹੁੰ ਵਿਚ ਦੇਖ ਰਿਹਾ ਹਾਂ। ਉਸਦੀ ਕਿਸਮਤ ਵਿਚ ਲਿਖਿਆ ਹੈ ਕਿ ਇਕ ਸੁੰਦਰ ਨੌਜਵਾਨ ਤੇਰੀ ਧੀ ਨੂੰ ਬਚਾਏਗਾ ਅਤੇ ਉਸ ਨਾਲ ਖੁਸ਼ੀ-ਖੁਸ਼ੀ ਵਿਆਹ ਕਰ ਲਵੇਗਾ। ਤੈਨੂੰ ਉਸ ਤੋਂ ਵਧੀਆ ਲਾੜਾ ਪੂਰੇ ਸ਼ਹਿਰ ਵਿਚ ਨਹੀਂ ਮਿਲੇਗਾ।''

ਇਹ ਸੁਣ ਕੇ ਵਪਾਰੀ ਨੇ ਚੈਨ ਦਾ ਸਾਹ ਲਿਆ ਤੇ ਧਰਮਾਤਮਾ ਦੇ ਕਹਿਣ ਅਨੁਸਾਰ ਆਪਣੀ ਧੀ ਨੂੰ ਨੀਂਦ ਦੀ ਦਵਾਈ ਨਾਲ ਡੂੰਘੀ ਨੀਂਦ ਵਿਚ ਸੁਆ ਕੇ ਇਕ ਸੰਦੂਕ ਵਿਚ ਆਪਣੀ ਧੀ ਨੂੰ ਰੱਖ ਕੇ ਉਸਨੂੰ ਨਦੀ ਵਿਚ ਰੋੜ੍ਹ ਦਿੱਤਾ। ਨਕਲੀ ਧਰਮਾਤਮਾ ਨਦੀ ਦੇ ਦੂਸਰੇ ਕਿਨਾਰੇ ਬੜੀ ਬੇਸਬਰੀ ਨਾਲ ਸੰਦੂਕ ਦੀ ਉਡੀਕ ਕਰ ਰਿਹਾ ਸੀ। ਅੱਧੀ ਰਾਤ ਉਸਨੇ ਨਦੀ ਦੇ ਵਿਚਕਾਰ ਰੋਸ਼ਨੀ ਦੇਖੀ। ਬਹੁਤ ਪ੍ਰਸੰਨ ਹੋਇਆ। ਉਸਦੇ ਦੋ ਆਗਿਆਕਾਰੀ ਚੇਲੇ ਨਦੀ ਵਿਚ ਤੈਰਦੇ ਹੋਏ ਗਏ ਅਤੇ ਵਹਿੰਦੇ ਹੋਏ ਸੰਦੂਕ ਨੂੰ ਕੰਢੇ 'ਤੇ ਲੈ ਆਏ। ਚੇਲੇ ਸੰਦੂਕ ਨੂੰ ਧਰਮਾਤਮਾ ਦੇ ਸੌਣ ਵਾਲੇ ਕਮਰੇ ਵਿਚ ਰੱਖ ਆਏ। ਧਰਮਾਤਮਾ

ਨੇ ਜਿਵੇਂ ਹੀ ਸੰਦੂਕ ਦਾ ਢੱਕਣ ਖੋਲ੍ਹਿਆ ਉਸਦੇ ਮੂੰਹ ਤੇ ਕਰਾਰਾ ਥੱਪੜ ਪਿਆ। ਇਹ ਇਕ ਜੰਗਲੀ ਜਾਨਵਰ ਸੀ ਜਿਸਨੇ ਧਰਮਾਤਮਾ ਦੇ ਮੂੰਹ ਦਾ ਬੁਰਾ ਹਾਲ ਕਰ ਦਿੱਤਾ। ਧਰਮਾਤਮਾ ਆਪਣੀ ਜਾਨ ਬਚਾਕੇ ਬਾਹਰ ਵੱਲ ਦੌੜਿਆ। ਇਹ ਅਜੀਬ ਜਾਨਵਰ ਬਾਂਦਰ ਸੀ ਜਿਸਨੇ ਨਕਲੀ ਤਪੱਸਵੀ ਦੇ ਚਿਹਰੇ ਨੂੰ ਵਿਗਾੜ ਦਿੱਤਾ ਸੀ।

ਜਿੱਥੋਂ ਤੱਕ ਵਪਾਰੀ ਦੀ ਧੀ ਦਾ ਸੰਬੰਧ ਹੈ, ਉਸਨੂੰ ਬਿਨਾਂ ਸ਼ੱਕ ਰਾਜ ਦਾ ਬਹਿਤਰੀਨ ਲਾੜਾ ਮਿਲਿਆ। ਹੋਇਆ ਇਹ ਕਿ ਨਕਲੀ ਧਰਮਾਤਮਾ ਤੋਂ ਪਹਿਲਾਂ ਹੀ ਰਾਜ ਦੇ ਰਾਜਕੁਮਾਰ ਨੇ ਸੰਦੂਕ ਨੂੰ ਦੇਖ ਲਿਆ ਸੀ। ਰਾਜਕੁਮਾਰ ਜੰਗਲ ਵਿਚ ਸ਼ਿਕਾਰ ਖੇਡਣ ਤੋਂ ਬਾਅਦ ਕਿਸ਼ਤੀ ਵਿਚ ਵਾਪਸ ਆ ਰਿਹਾ ਸੀ। ਸੰਦੂਕ ਉਪਰ ਰੱਖੇ ਲੈਂਪ ਨੇ ਉਸਦਾ ਧਿਆਨ ਖਿੱਚਿਆ ਤੇ ਉਹ ਸੰਦੂਕ ਨੂੰ ਕਿਸ਼ਤੀ ਵਿਚ ਲੈ ਆਇਆ। ਜਦੋਂ ਉਸਨੇ ਸੰਦੂਕ ਖੋਲ੍ਹਿਆ ਤਾਂ ਉਸਨੇ ਸੁੰਦਰ ਔਰਤ ਨੂੰ ਉਸ ਵਿਚ ਦੇਖਿਆ। ਉਸਨੇ ਸੁੰਦਰ ਔਰਤ ਨੂੰ ਸੰਦੂਕ ਵਿਚੋਂ ਕੱਢ ਕੇ ਉਸਦੀ ਥਾਂ ਬਾਂਦਰ ਨੂੰ ਸੰਦੂਕ ਵਿਚ ਬੰਦ ਕਰਕੇ ਨਦੀ ਵਿਚ ਰੋੜ੍ਹ ਦਿੱਤਾ।

ਸਵੇਰੇ ਰਾਜਕੁਮਾਰ ਉਸ ਔਰਤ ਨੂੰ ਲੈ ਕੇ ਉਸਦੇ ਪਿਤਾ ਕੋਲ ਗਿਆ। ਵਪਾਰੀ ਬਹੁਤ ਖੁਸ਼ ਹੋਇਆ। ਉਸ ਨੂੰ ਇਸ ਚਮਤਕਾਰ ਦੀ ਉਡੀਕ ਸੀ। ਵਪਾਰੀ ਨੇ ਰਾਜਕੁਮਾਰ ਨੂੰ ਕਿਹਾ ਕਿ ਉਹ ਉਸਦੀ ਧੀ ਨਾਲ ਵਿਆਹ ਕਰ ਲਵੇ ਕਿਉਂਕਿ ਉਸਦੀ ਧੀ ਦੀ ਕਿਸਮਤ ਵਿਚ ਉਹ ਲਿਖਿਆ ਹੈ। ਇਸ ਪ੍ਰਕਾਰ ਵਪਾਰੀ ਦੀ ਧੀ ਤੇ ਰਾਜਕੁਮਾਰ ਦਾ ਵਿਆਹ ਹੋ ਜਾਂਦਾ ਹੈ।

- 0 -

ਇਸ ਕਹਾਣੀ ਵਿਚ ਪਾਖੰਡੀ ਧਰਮਾਤਮਾ ਦੀ ਲਾਲਚੀ ਬਿਰਤੀ ਨੂੰ ਰੂਪਮਾਨ ਕੀਤਾ ਗਿਆ ਹੈ। ਸੁੰਦਰ ਔਰਤ ਉਪਰ ਮੋਹਿਤ ਹੋਇਆ ਧਰਮਾਤਮਾ ਉਸਨੂੰ ਪ੍ਰਾਪਤ ਕਰਨ ਲਈ ਇਕ ਵਿਉਂਤ ਬਣਾਉਂਦਾ ਹੈ ਪਰ ਅੰਤ ਵਿਚ ਉਸਨੂੰ ਮੂੰਹ ਦੀ ਖਾਣੀ ਪੈਂਦੀ

ਹੈ। ਸੰਦੂਕ ਵਿਚ ਸੁੰਦਰ ਔਰਤ ਦੀ ਥਾਂ ਉਸਨੂੰ ਬਾਂਦਰ ਮਿਲਦਾ ਹੈ ਜੋ ਉਸਦੇ ਚਿਹਰੇ ਨੂੰ ਆਪਣੇ ਨਹੁੰਆਂ ਨਾਲ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੰਦਾ ਹੈ। ਧਰਮਾਤਮਾ ਵੱਲੋਂ ਕੀਤੇ ਧੋਖੇ ਦੇ ਕਾਰਨ ਉਸਨੂੰ ਇਹ ਸਜ਼ਾ ਮਿਲਦੀ ਹੈ। ਦੂਸਰੇ ਪਾਸੇ ਸੰਸਾਰਕ ਰਿਸ਼ਤੇ ਸੁਆਰਥ ਤਹਿਤ ਆਪਣੇ ਹੀ ਰਿਸ਼ਤਿਆਂ ਨੂੰ ਦਾਅ 'ਤੇ ਲਗਾ ਦਿੰਦੇ ਹਨ। ਇਸ ਕਹਾਣੀ ਵਿਚ ਵਪਾਰੀ ਆਪਣੇ ਜਹਾਜ਼ ਨੂੰ ਡੁੱਬਣ ਤੋਂ ਬਚਾਉਣ ਲਈ ਆਪਣੀ ਧੀ ਨੂੰ ਸੰਦੂਕ ਵਿਚ ਪਾ ਕੇ ਨਦੀ ਵਿਚ ਰੋੜ੍ਹ ਦਿੰਦਾ ਹੈ। ਇਸ ਪਿੱਛੇ ਵਪਾਰੀ ਦੀ ਪਾਖੰਡੀ ਧਰਮਾਤਮਾ ਵਿਚ ਅੰਨੀ ਸ਼ਰਧਾ ਵੀ ਕਾਰਜਸ਼ੀਲ ਹੁੰਦੀ ਹੈ ਪਰ ਸੰਦੂਕ ਜਿਹੀ ਆਮ ਵਸਤ ਔਰਤ ਨੂੰ ਸੁਰੱਖਿਆ ਪ੍ਰਦਾਨ ਕਰਦੀ ਹੈ। ਇੱਥੇ ਸੰਦੂਕ ਸੁਰੱਖਿਆ ਦਾ ਪ੍ਰਤੀਕ ਬਣਦਾ ਹੈ। ਸੰਦੂਕ ਭੇਤ ਨੂੰ ਲੁਕਾਉਣ ਦਾ ਸਾਧਨ ਵੀ ਬਣਦਾ ਹੈ ਜਦੋਂ ਤੱਕ ਸੰਦੂਕ ਨਹੀਂ ਖੁੱਲ੍ਹਦਾ ਉਦੋਂ ਤੱਕ ਕਿਸੇ ਨੂੰ ਪਤਾ ਨਹੀਂ ਚੱਲਦਾ ਕਿ ਇਸ ਵਿਚ ਕੀ ਹੈ। ਜਿਵੇਂ ਸੰਦੂਕ ਖੋਲ੍ਹਣ ਤੋਂ ਪਹਿਲਾਂ ਰਾਜਕੁਮਾਰ ਨੂੰ ਪਤਾ ਨਹੀਂ ਹੁੰਦਾ ਕਿ ਇਸ ਵਿਚ ਸੁੰਦਰ ਔਰਤ ਹੈ। ਇਸੇ ਤਰ੍ਹਾਂ ਧਰਮਾਤਮਾ ਨੂੰ ਵੀ ਇਸ ਗੱਲ ਦਾ ਗਿਆਨ ਨਹੀਂ ਹੁੰਦਾ ਕਿ ਸੰਦੂਕ ਵਿਚ ਔਰਤ ਦੀ ਥਾਂ ਜਾਨਵਰ ਹੈ। ਸੰਦੂਕ ਖੁੱਲ੍ਹਣ ਤੋਂ ਬਾਅਦ ਹੀ ਇਸਦਾ ਭੇਤ ਸਾਹਮਣੇ ਆਉਂਦਾ ਹੈ।

### ''ਰੰਨਾਂ ਚਲਿਤਰਹਾਰੀਆਂ''[64]

ਇਕ ਗੁਰਮੁਖ ਸੱਜਣ ਸੀ। ਉਹ ਸਾਧ ਦੀ ਸੇਵਾ ਬੜੇ ਚਾਅ ਨਾਲ ਕਰਦਾ ਸੀ। ਗੁਰਮੁਖ ਨੇਮ ਨਾਲ ਸਾਧ ਦੀ ਕੁਟੀਆ ਵਿਚ ਹਾਜ਼ਰ ਹੁੰਦਾ ਸੀ। ਪਹਿਲਾਂ ਕੁਟੀਆ ਦੀ ਸਫ਼ਾਈ ਕਰਦਾ ਤੇ ਫਿਰ ਧੂਣੀ ਵੀ। ਨਦੀ ਤੋਂ ਸਾਧ ਲਈ ਪਾਣੀ ਦੇ ਗੜਵੇ ਭਰ ਕੇ ਲਿਆਉਂਦਾ।

ਗੁਰਮੁਖ ਜਵਾਨ ਸੀ। ਉਸਦੀ ਮਾਂ ਨੇ ਚੰਗੀ ਜਿਹੀ ਕੁੜੀ ਵੇਖ ਕੇ ਉਸਦਾ ਵਿਆਹ ਕਰ ਦਿੱਤਾ। ਗੁਰਮੁਖ ਦੀ ਪਤਨੀ ਬਹੁਤ ਸੋਹਣੀ ਸੀ। ਵਹੁਟੀ ਦੇ ਪਿਆਰ ਵਿਚ ਮਗਨ ਹੋਇਆ ਗੁਰਮੁਖ ਸਾਧ ਨੂੰ ਭੁਲ ਹੀ ਗਿਆ।

ਕੁਝ ਸਮਾਂ ਲੰਘ ਗਿਆ। ਇਕ ਦਿਨ ਗੁਰਮੁਖ ਸੱਜਣ ਨੂੰ ਅਚਾਨਕ ਸਾਧ ਦਾ ਖਿਆਲ ਆਇਆ। ਉਹ ਤਿਆਰ ਹੋ ਕੇ ਸਾਧ ਕੋਲ ਜਾਣ ਲੱਗਾ ਕਿ ਉਸਦੀ ਮਨਮੋਹਣੀ ਪਤਨੀ ਉਸ ਦਾ ਰਾਹ ਰੋਕ ਕੇ ਖੜ੍ਹੀ ਹੋ ਗਈ ਤੇ ਨਜ਼ਰਾਂ ਦੇ ਛਲ ਨਾਲ ਭਰਮਾਂਦੀ ਹੋਈ ਕਹਿਣ ਲੱਗੀ, ''ਇਹ ਉਮਰ ਸਾਧਾਂ ਦੀ ਸੇਵਾ ਕਰਨ ਦੀ ਨਹੀਂ। ਇਹ ਤਾਂ ਜੀਵਨ ਦਾ ਆਨੰਦ ਮਾਨਣ ਦੀ ਉਮਰ ਹੈ।'' ਜਦੋਂ ਵੀ ਗੁਰਮੁਖ ਸਾਧ ਦੀ ਸੇਵਾ ਲਈ ਜਾਣ ਲੱਗਦਾ ਪਤਨੀ ਰਾਹ ਰੋਕ ਲੈਂਦੀ। ਇਸ ਤਰ੍ਹਾਂ ਕਾਫ਼ੀ ਸਮਾਂ ਲੰਘ ਗਿਆ।

ਇਕ ਦਿਨ ਗੁਰਮੁਖ ਨੂੰ ਮੌਕਾ ਮਿਲ ਗਿਆ ਤੇ ਉਹ ਸਾਧ ਦੀ ਕੁਟੀਆ ਵਿਚ ਜਾ ਪੁੱਜਾ। ਸਾਧ ਨੇ ਸੋਚਿਆ ਕਿ ਸ਼ਾਇਦ ਗੁਰਮੁਖ ਬੀਮਾਰ ਹੋ ਗਿਆ ਹੋਵੇ ਜਾਂ ਕੋਈ ਦੁਘਟਨਾ ਵਾਪਰ ਗਈ ਹੋਵੇ। ਸੋ ਸਾਧ ਨੇ ਗੁਰਮੁਖ ਦੀ ਪਿੱਠ 'ਤੇ ਹੱਥ ਫੇਰਦਿਆਂ ਪੁੱਛਿਆ :

''ਸਭ ਸੁੱਖ ਤਾਂ ਹੈ, ਇਤਨੇ ਦਿਨ ਕਿੱਥੇ ਰਿਹੈ ?''

''ਮਹਾਰਾਜ ! ਚਿੰਤਾ ਵਾਲੀ ਕੋਈ ਗੱਲ ਨਹੀਂ, ਸਭ ਸੁਖ-ਸਾਂਦ ਏ।''

ਗੁਰਮੁਖ ਨੇ ਦੱਸਿਆ, ''ਮੇਰਾ ਵਿਆਹ ਹੋ ਗਿਐ।''

''ਇਉਂ ਆਖ ਕਿ ਗ੍ਰਹਿਸਥ ਦੇ ਬੰਧਨਾਂ ਵਿਚ ਜਕੜਿਆ ਗਿਐਂ।'' ਸਾਧ ਖੁਦ ਬ੍ਰਹਮਚਾਰੀ ਸੀ, ਕਹਿਣ ਲੱਗਾ, ''ਜੋ ਹੋ ਗਿਆ ਸੋ ਹੋ ਗਿਐ। ਇਕ ਗਲਤੀ ਦੀ ਤਾਂ ਖੈਰ ਏ, ਹੁਣ ਦੂਜੀ ਨਾ ਕਰ ਬੈਠੀਂ।''

''ਉਹ ਕਿਹੜੀ ?''

''ਮੋਹ ਮਾਇਆ ਦੇ ਜਾਲ ਵਿਚ ਫਸਣ ਦੀ।''

ਪਰ ਅਗਲੇ ਦਿਨ ਫਿਰ ਗੁਰਮੁਖ ਨਾ ਆਇਆ। ਇਸੇ ਤਰ੍ਹਾਂ ਕਾਫ਼ੀ ਦਿਨ ਬੀਤ ਗਏ। ਫਿਰ ਇਕ ਦਿਨ ਗੁਰਮੁਖ ਆਇਆ ਤਾਂ ਸਾਧ ਨੇ ਵਿਅੰਗ ਨਾਲ ਕਿਹਾ:

''ਸੋ ਹੁਣ ਤੂੰ ਘਰ ਜੋਗਾ ਹੋ ਕੇ ਰਹਿ ਗਿਐਂ ?''

''ਮਹਾਰਾਜ ਮੇਰੀ ਵਹੁਟੀ ਮੇਰੇ ਨਾਲ ਬੜਾ ਪ੍ਰੇਮ ਕਰਦੀ ਹੈ। ਉਹ ਮੇਰੇ ਬਗੈਰ ਇਕ ਪਲ ਵੀ ਨਹੀਂ ਟਿਕਦੀ।''

''ਔਰਤ ਦਾ ਪ੍ਰੇਮ ਨਿਰਾ ਪਾਖੰਡ ਹੁੰਦਾ ਏ, ਤੂੰ ਔਰਤ ਦੀ ਖ਼ਾਤਰ ਆਪਣਾ ਅਗਲਾ ਜਨਮ ਬਰਬਾਦ ਕਰ ਲਏਂਗਾ।'' ਸਾਧੂ ਨੇ ਤਾੜਨਾ ਕੀਤੀ।

''ਮਹਾਰਾਜ ! ਪਰ ਉਹ ਆਮ ਔਰਤਾਂ ਵਰਗੀ ਔਰਤ ਨਹੀਂ। ਜਿੱਥੇ ਮੇਰਾ ਪਸੀਨਾ ਡੁੱਲ੍ਹੇ ਉੱਥੇ ਉਹ ਆਪਣਾ ਲਹੂ ਡੋਲਣ ਲਈ ਤਿਆਰ ਹੋ ਜਾਂਦੀ ਏ। ਉਹ ਤਾਂ ਮੇਰੇ ਬਗੈਰ ਗਰਾਹੀ ਵੀ ਮੂੰਹ ਨੂੰ ਨਹੀਂ ਲਾਉਂਦੀ। ਮੈਨੂੰ ਵੇਖੇ ਬਗੈਰ ਸਾਹ ਵੀ ਨਹੀਂ ਲੈਂਦੀ।''

''ਮੈਨੂੰ ਤਾਂ ਇਹ ਫ਼ਰੇਬ ਲੱਗਦੈ।'' ਸਾਧੂ ਨੇ ਸਮਝਾਇਆ ''ਇਹ ਤਾਂ ਔਰਤਾਂ ਦੇ ਚਲਿੱਤਰ ਨੇ।''

''ਪਰ ਮੈਂ ਕਿਵੇਂ ਇਤਬਾਰ ਕਰਾਂ ?''

''ਤੂੰ ਇੰਜ ਕਰ, ਤੂੰ ਆਪਣੇ ਸੁਆਸ ਦਸਵੇਂ ਦੁਆਰ ਚੜ੍ਹਾ ਕੇ ਲੰਮਾ ਪੈ ਜਾਹ। ਫਿਰ ਸਭ ਕੁਝ ਆਪਣੀ ਅੱਖੀਂ ਦੇਖ ਲਈਂ।''

ਫਿਰ ਸਾਧ ਨੇ ਗੁਰਮੁਖ ਨੂੰ ਦਸਵੇਂ ਦੁਆਰ ਸੁਆਸ ਚੜ੍ਹਾਉਣ ਦੀ ਜਾਚ ਦੱਸੀ। ਕੁਝ ਦਿਨਾਂ ਵਿਚ ਗੁਰਮੁਖ ਸੁਆਸ ਚੜ੍ਹਾਣੇ ਸਿੱਖ ਗਿਆ। ਇਕ ਦਿਨ ਸ਼ਾਮੀ ਜਦੋਂ ਗੁਰਮੁਖ ਦੀ ਪਤਨੀ ਰਸੋਈ ਵਿਚ ਰੋਟੀ ਤਿਆਰ ਕਰ ਰਹੀ ਸੀ ਤਾਂ ਉਹ ਸੰਦੂਕ ਵਿਚ ਪੈਰ ਫਸਾ ਕੇ ਇਉਂ ਲੰਮਾ ਪੈ ਗਿਆ ਜਿਵੇਂ ਠੁੱਡਾ ਲੱਗਣ ਨਾਲ ਡਿੱਗ ਪਿਆ ਹੋਵੇ ਤੇ ਚੀਖ ਮਾਰ ਕੇ ਸਵਾਸ ਉਪਰ ਚੜ੍ਹਾ ਲਏ।

ਗੁਰਮੁਖ ਦੀ ਪਤਨੀ ਰਸੋਈ ਵਿਚੋਂ ਦੌੜਦੀ ਹੋਈ ਆਈ ਤੇ ਪਤੀ ਨੂੰ ਡਿਗਾ ਦੇਖ ਘਬਰਾ ਗਈ। ਪਤਨੀ ਸੋਚਣ ਲੱਗੀ ਕਿ ਮੇਰਾ ਮਰਦ ਤਾਂ ਇਸ ਸੰਸਾਰ ਤੋਂ ਚਲਾਣਾ ਕਰ ਗਿਆ ਹੈ ਪਰ ਮੈਂ ਆਪਣੀ ਚੰਦਨ ਵਰਗੀ ਦੇਹ ਕਿਸ ਵਾਸਤੇ ਗਾਲਾਂ। ਭੁੱਖ ਕਾਰਨ ਪੇਟ ਵਿਚ ਚੂਹੇ ਦੌੜ ਰਹੇ ਹਨ। ਜੇ ਮੈਂ ਹੁਣੇ

ਰੋਣਾ ਪਿੱਟਣਾ ਸ਼ੁਰੂ ਕਰ ਦਿੱਤਾ ਤਾਂ ਗਲੀ ਗੁਆਂਢ ਦੌੜਦਾ ਆਵੇਗਾ। ਫਿਰ ਰੋਟੀ ਖਾਣੀ ਵੀ ਨਸੀਬ ਨਹੀਂ ਹੋਵੇਗੀ। ਕਿਉਂ ਨਾ ਮੈਂ ਪਹਿਲਾਂ ਭੁੱਖ ਮਿਟਾ ਲਵਾਂ?

ਸੋ ਪਤਨੀ ਨੇ ਰੋਟੀ ਖਾਧੀ। ਉਸ ਦਿਨ ਸਵੇਰੇ ਖੀਰ ਵੀ ਰਿੰਨ੍ਹੀ ਗਈ ਸੀ। ਰੋਟੀ ਖਾ ਕੇ ਉਸ ਥੋੜ੍ਹੀ ਜਿਹੀ ਖੀਰ ਖਾਧੀ। ਬਾਕੀ ਖੀਰ ਉਸ ਨੇ ਭਾਂਡੇ ਵਿਚ ਪਾ ਕੇ ਛਿਕੇ ਵਿਚ ਰੱਖਣੀ ਚਾਹੀ। ਛਿਕਾ, ਜਿੱਥੇ ਪਤੀ ਡਿਗਿਆ ਪਿਆ ਸੀ ਉੱਥੇ ਹੀ ਉਪਰ ਲਟਕ ਰਿਹਾ ਸੀ। ਉੱਚਾ ਹੋਣ ਕਰ ਕੇ ਉਸ ਦਾ ਹੱਥ ਨਹੀਂ ਸੀ ਪਹੁੰਚਦਾ। ਸੋ ਉਸ ਨੇ ਪਤੀ ਦੀ ਹਿੱਕ ਉੱਤੇ ਪੈਰ ਧਰਿਆ ਤੇ ਛਿੱਕੇ ਨੂੰ ਫੜ ਕੇ ਖੀਰ ਦਾ ਕਟੋਰਾ ਰੱਖ ਦਿੱਤਾ।

ਫਿਰ ਉਹ ਹਾਲ-ਪਹਿਰਿਆ ਪਾਉਣ ਲਈ ਬਾਹਰ ਵਿਹੜੇ ਵਿਚ ਗਈ। ਉਸਨੇ ਸੋਚਿਆ ਕਿ ਰਾਤ ਸਾਰੀ ਪਈ ਏ, ਰੋਣਾ ਪਿਟਣਾ ਮੁਸ਼ਕਲ ਹੋ ਜਾਵੇਗਾ। ਕਿਉਂ ਨਾ ਸਵੇਰ ਤੱਕ ਚੁਪ ਰਹਾਂ। ਫਿਰ ਉਹ ਮੰਜੀ ਤੇ ਲੰਮੀ ਪੈ ਗਈ। ਥੱਕੀ ਹੋਣ ਕਰਕੇ ਉਸਨੂੰ ਨੀਂਦ ਨੇ ਘੇਰ ਲਿਆ। ਸਵੇਰੇ ਜਾਗ ਕੇ ਪਤਨੀ ਨੇ ਪਿੱਟਣਾ ਸ਼ੁਰੂ ਕਰ ਦਿੱਤਾ। ਗਲੀ ਗੁਆਂਢ ਦੇ ਲੋਕ ਇਕੱਠੇ ਹੋ ਗਏ। ਜਦੋਂ ਦੇਹ ਨੂੰ ਨੁਹਾਉਣ ਲੱਗੇ ਤਾਂ ਉਸ ਦਾ ਪੈਰ ਸੰਦੂਕ ਵਿਚ ਫਸਿਆ ਹੋਣ ਕਰਕੇ ਨਿਕਲ ਨਹੀਂ ਸੀ ਰਿਹਾ। ਅਖੀਰ ਸੰਦੂਕ ਭੰਨਣ ਲਈ ਆਰੀ ਲਿਆਂਦੀ ਗਈ ਤਾਂ ਪਤਨੀ ਕਹਿਣ ਲੱਗੀ, ''ਸੰਦੂਕ ਨਾ ਚੀਰੋ, ਇਸ ਦੀ ਮੁਰੰਮਤ ਕੌਣ ਕਰਵਾਏਗਾ ਮੈਂ ਨਿਆਸਰੀ ਹੋ ਗਈ ਆ। ਤੁਸੀਂ ਇਨਾਂ ਦਾ ਪੈਰ ਆਰੀ ਨਾਲ ਕੱਟ ਦੇਉ। ਇਹ ਤਾਂ ਹੁਣ ਨਹੀਂ ਰਹੇ, ਪੈਰ ਕੱਟਣ ਨਾਲ ਕੀ ਫ਼ਰਕ ਪੈਂਦੈ।''

ਬਰਾਦਰੀ ਦੇ ਲੋਕਾਂ ਨੇ ਪਤਨੀ ਨੂੰ ਸਮਝਾਇਆ ਕਿ ਇਸ ਤਰ੍ਹਾਂ ਮੁਰਦੇ ਨੂੰ ਖੱਜਰ-ਖਵਾਰ ਕਰਨਾ ਠੀਕ ਨਹੀਂ ਪਰ ਪਤਨੀ ਨੇ ਇਕ ਨਾ ਸੁਣੀ। ਅਖ਼ੀਰ ਪਤਨੀ ਆਰੀ ਫੜ ਕੇ ਖ਼ੁਦ ਪੈਰ ਕੱਟਣ ਲੱਗੀ ਤਾਂ ਮਰਦ ਨੇ ਸਵਾਸ ਵਾਪਸ ਲੈ ਆਂਦੇ ਤੇ ਉਹ ਉਠ ਖਲੋਤਾ। ਸਭ ਲੋਕ ਭੂਤ, ਭੂਤ ਕਹਿੰਦੇ ਨੱਠ ਪਏ।

ਗੁਰਮੁਖ ਸੱਜਣ ਨੇ ਪਤਨੀ ਨੂੰ ਕਿਹਾ, ''ਮੈਂ ਤੇਰੇ ਸਭ ਚਾਲੇ ਵੇਖ ਲਏ ਹਨ। ਮੈਂ ਮਰਿਆ ਨਹੀਂ ਸਾਂ, ਆਪਣੇ ਸੁਆਸ ਦਸਮ ਦੁਆਰਾ ਚੜਾਏ ਹੋਏ ਸਨ। ਤੇਰੀ ਮੁਹੱਬਤ ਨੂੰ ਮੈਂ ਪਰਖ ਲਿਐ, ਤੂੰ ਪਾਖੰਡਣ ਏ।''

ਫਿਰ ਗੁਰਮੁਖ ਘਰ ਛੱਡ ਕੇ ਸਾਧੂ ਦੇ ਚਰਨੀ ਜਾ ਲੱਗਾ।

- 0 -

ਇਸ ਲੋਕ ਕਹਾਣੀ ਵਿਚ ਔਰਤ ਦੇ ਚਲਿੱਤਰ ਨੂੰ ਬਿਆਨ ਕੀਤਾ ਗਿਆ ਹੈ। ਔਰਤ ਨੂੰ ਮੋਹ-ਮਾਇਆ ਕਿਹਾ ਗਿਆ ਹੈ, ਜਿਸ ਵਿਚ ਫਸਕੇ ਮਨੁੱਖ ਆਪਣੇ ਜੀਵਨ ਦੇ ਮੂਲ ਉਦੇਸ਼ ਅਰਥਾਤ ਪ੍ਰਮਾਤਮਾ ਦੇ ਨਾਮ ਤੋਂ ਟੁੱਟ ਜਾਂਦਾ ਹੈ। ਔਰਤ ਦਾ ਪਤੀ ਜਦੋਂ ਤੱਕ ਉਸਨੂੰ ਸੁੱਖ ਦਿੰਦਾ ਹੈ, ਉਸਦੀਆਂ ਲੋੜਾਂ ਦੀ ਪੂਰਤੀ ਕਰਦਾ ਹੈ ਉਦੋਂ ਤੱਕ ਔਰਤ ਉਸ ਪ੍ਰਤੀ ਮੋਹ, ਪਿਆਰ ਦਾ ਦਿਖਾਵਾ ਕਰਦੀ ਹੈ। ਜਦੋਂ ਪਤੀ ਮਰ ਜਾਂਦਾ ਹੈ ਤਾਂ ਉਹ ਉਸ ਲਈ ਬੇਜ਼ਾਨ ਵਸਤ ਬਣ ਜਾਂਦਾ ਹੈ। ਉਸ ਸਮੇਂ ਔਰਤ ਸੰਸਾਰਕ ਪਦਾਰਥਾਂ ਦੇ ਮੋਹ ਤਹਿਤ ਸੰਦੂਕ ਨੂੰ ਕੱਟਣ ਨਹੀਂ ਦਿੰਦੀ। ਕਿਉਂਕਿ ਸੰਦੂਕ ਉਸਦੀਆਂ ਜ਼ਰੂਰਤਾਂ ਦੀ ਪੂਰਤੀ ਦਾ ਅਹਿਮ ਸਾਧਨ ਹੁੰਦਾ ਹੈ। ਦੂਸਰੇ ਪਾਸੇ ਮਰ ਚੁੱਕਾ ਪਤੀ ਉਸਦੇ ਕਿਸੇ ਕੰਮ ਦਾ ਨਹੀਂ ਹੁੰਦਾ, ਇਸ ਲਈ ਉਹ ਆਪਣੇ ਪਤੀ ਦੀ ਲੱਤ ਕੱਟਣ ਤੋਂ ਗੁਰੇਜ਼ ਨਹੀਂ ਕਰਦੀ। ਔਰਤ ਆਪਣੀ ਸੁਆਰਥੀ ਬਿਰਤੀ ਤਹਿਤ ਅਜਿਹਾ ਕਰਦੀ ਹੈ। ਇਸ ਕਹਾਣੀ ਵਿਚ ਸੰਦੂਕ ਵਰਤੋਂ ਦੀ ਅਹਿਮ ਵਸਤ ਦੇ ਰੂਪ ਵਿਚ ਪੇਸ਼ ਹੁੰਦਾ ਹੈ।

ਲੋਕ ਵਾਰਤਕ ਬਿਰਤਾਂਤ ਵਿਚ ਜਿੱਥੇ ਲੋਕ ਕਹਾਣੀਆਂ ਵਿਚ ਸੰਦੂਕ ਦੀ ਪੇਸ਼ਕਾਰੀ ਹੋਈ ਮਿਲਦੀ ਹੈ, ਉੱਥੇ ਸੰਦੂਕ ਨਾਲ ਸੰਬੰਧਿਤ ਕਥਾਨਕ ਰੂੜੀ ਵੀ ਮਿਲਦੀ ਹੈ। ''ਅਸਲ ਵਿਚ ਕਥਾਨਕ ਰੂੜ੍ਹੀ ਕਿਸੇ ਕਥਾ ਕਹਾਣੀ ਦਾ ਉਹ ਛੋਟੇ ਤੋਂ ਛੋਟਾ ਇਕਾਈ ਤੱਤ ਹੈ ਜੋ ਆਪਣੇ ਆਪ ਵਿਚ ਸੰਪੂਰਨ ਅਰਥ ਰੱਖਦਾ ਹੈ ਅਤੇ ਮੱਢ ਕਦੀਮ ਤੋਂ ਹੀ, ਅਨੇਕਾਂ ਕਥਾ ਕਹਾਣੀਆਂ ਵਿਚ ਬਾਰ-ਬਾਰ ਦੁਹਰਾਏ ਜਾਣ ਕਰਕੇ, ਕਥਾ ਪਰੰਪਰਾ ਦਾ ਅੰਗ ਬਣ ਜਾਂਦਾ ਹੈ।''[65] ਇਹਨਾਂ ਕਥਾਨਕ ਰੂੜ੍ਹੀਆਂ ਵਿਚਲੀ ਵਿਲੱਖਣਤਾ ਤੇ ਰੌਚਿਕਤਾ ਹੀ ਇਹਨਾਂ ਦੀ ਹੋਂਦ ਨੂੰ ਬਰਕਰਾਰ ਰੱਖਦੀ ਹੈ। ਇਹਨਾਂ ਰੂੜ੍ਹੀਆਂ ਵਿਚੋਂ

ਪ੍ਰਾਣ ਪਰਿਵਰਤਨ ਦੀ ਰੂੜ੍ਹੀ ਇਕ ਹੈ। ਪੰਜਾਬ ਦੀਆਂ ਪਰੀ ਕਹਾਣੀਆਂ ਵਿਚ ਇਸਦੀ ਪੇਸ਼ਕਾਰੀ ਹੋਈ ਮਿਲਦੀ ਹੈ। ਇਸ ਰੂੜ੍ਹੀ ਤਹਿਤ ਕਈ ਦਿਉ ਜਾਂ ਦੈਂਤ ਆਪਣੇ ਪ੍ਰਾਣਾਂ ਨੂੰ ਸਰੀਰ ਨਾਲੋਂ ਵੱਖ ਕਰਕੇ ਕਿਸੇ ਵਸਤ ਵਿਚ ਦਾਖ਼ਲ ਕਰ ਦਿੰਦੇ ਹਨ। ਉਸ ਪ੍ਰਾਣੀ ਨੂੰ ਉਦੋਂ ਤੱਕ ਕੋਈ ਨੁਕਸਾਨ ਨਹੀਂ ਪਹੁੰਚਾਇਆ ਜਾ ਸਕਦਾ ਜਦੋਂ ਤੱਕ ਉਸਦੇ ਪ੍ਰਾਣ-ਪਟੇ ਨੂੰ ਨਸ਼ਟ ਨਾ ਕੀਤਾ ਜਾਵੇ। ''ਇਸ ਰੂੜੀ ਦਾ ਸਭ ਤੋਂ ਪ੍ਰਾਚੀਨ ਰੂਪ ਰਾਮਾਇਣ ਵਿਚ ਮਿਲਦਾ ਹੈ। ਪਤਾਲ ਲੰਕਾ ਦੇ ਰਾਜੇ ਮਹਿਰਾਵਣ ਨੇ ਆਪਣੇ ਪ੍ਰਾਣ ਅੱਡ ਕਰ ਕੇ ਧਰਤੀ ਦੇ ਅੰਦਰ ਹਜ਼ਾਰ ਯੋਜਨ ਦੂਰ, ਇਕ ਭਿਅੰਕਰ ਗੁਫ਼ਾ ਵਿਚ ਰਤਨਾਂ ਜੜ੍ਹੇ ਸੰਦੂਕ ਅੰਦਰ, ਪੰਜ ਭੰਵਰਿਆਂ ਦੇ ਰੂਪ ਵਿਚ ਸੁਰੱਖਿਅਤ ਕੀਤੇ ਹੋਏ ਸਨ। ਮਹਿਰਾਵਣ ਦੀ ਮੌਤ ਕੇਵਲ ਉਦੋਂ ਹੀ ਸੰਭਵ ਸੀ ਜਦੋਂ ਕੋਈ ਵਿਅਕਤੀ ਉਸ ਸੰਦੂਕ ਨੂੰ ਖੋਲ੍ਹ ਕੇ ਪੰਜਾਂ ਭੰਵਰਿਆਂ ਨੂੰ ਇਕ ਸਾਥ ਮਾਰੇ। ਉਸ ਗੁਫਾ ਉੱਤੇ ਪਿਸਾਚਾਂ ਦਾ ਪਹਿਰਾ ਸੀ। ਹਨੂਮਾਨ ਨੇ ਬੜੀਆਂ ਕਠਨਾਈਆਂ ਵਿਚੋਂ ਲੰਘ ਕੇ ਉਸ ਸੰਦੂਕ ਨੂੰ ਪ੍ਰਾਪਤ ਕੀਤਾ ਤੇ ਫਿਰ ਪੰਜ ਮੁਖ ਧਾਰਨ ਕਰ ਕੇ ਉਨ੍ਹਾਂ ਪੰਜਾਂ ਭੰਵਰਿਆਂ ਨੂੰ ਇਕ ਸਾਥ ਚੱਬ ਲਿਆ ਤਾਂ ਜਾ ਕੇ ਮਹਿਰਾਵਣ ਦੀ ਮੌਤ ਹੋਈ।''[66] ਇਸ ਪ੍ਰਕਾਰ ਇਸ ਕਥਾਨਕ ਰੂੜ੍ਹੀ ਵਿਚ ਸੰਦੂਕ ਮਨੁੱਖ ਦੇ ਪ੍ਰਾਣਾਂ ਨੂੰ ਸੁਰੱਖਿਅਤ ਰੱਖਣ ਦਾ ਸਾਧਨ ਵੀ ਬਣਦਾ ਹੈ।

ਪੰਜਾਬੀ ਲੋਕ ਸਾਹਿਤ ਦੀਆਂ ਵਿਭਿੰਨ ਵੰਨਗੀਆਂ ਵਾਂਗ ਅਖਾਣ ਤੇ ਮੁਹਾਵਰੇ ਵੀ ਮਨੁੱਖੀ ਪੀੜ੍ਹੀਆਂ ਦੇ ਅਨੁਭਵ ਵਿਚੋਂ ਨਿਕਲੇ ਅਜਿਹੇ ਸਾਰਥਕ ਸਿੱਟੇ ਹਨ ਜੋ ਮਨੁੱਖ ਨੂੰ ਯੋਗ ਅਗਵਾਈ ਪ੍ਰਦਾਨ ਕਰਦੇ ਹਨ। ਇਹ ਸਧਾਰਨ ਲੋਕ ਸਮੂਹ ਦੀ ਸਿਰਜਣਾ ਹੁੰਦੇ ਹਨ। ਪੰਜਾਬੀ ਵਿਚ ਸੰਦੂਕ ਨਾਲ ਸੰਬੰਧਿਤ ਅਖਾਣ ਤੇ ਮੁਹਾਵਰੇ ਘੱਟ ਹਨ ਪਰ ਤਰਖਾਣ, ਤਰਖਾਣਾ ਸੰਦਾਂ ਆਦਿ ਨਾਲ ਸੰਬੰਧਿਤ ਅਨੇਕ ਅਖਾਣ ਤੇ ਮੁਹਾਵਰੇ ਮਿਲਦੇ ਹਨ :

ਸੰਦੂਕ ਨਾਲ ਸੰਬੰਧਿਤ :

- ਭੇਤ ਸੰਦੂਕ ਦਾ ਕਦੇ ਨਾ ਖੋਲੀਏ,
  ਭਾਵੇਂ ਜਾਨ ਦਾ ਜੰਦਰਾ ਟੁੱਟ ਜਾਵੇ

- ਸੰਦੂਕ ਕਿੱਕਰ ਦਾ ਮਿਲਣਾ ਮ੍ਰਿਤ ਦਾ
  ਮਾਸ ਤਿੱਤਰ ਦਾ ਲਹਿਣਾ ਛਿਤ੍ਰ ਦਾ

ਤਰਖਾਣ ਨਾਲ ਸੰਬੰਧਿਤ :

- ਤਰਖਾਣ ਸਿੱਧਾ ਤੇ ਲੱਕੜ ਸਿੱਧੀ
  ਤਰਖਾਣ ਵਿੰਗਾ ਤੇ ਲੱਕੜ ਵਿੰਗੀ
- ਕੋਠਾ ਉਸਰਿਆ ਤਰਖਾਣ ਵਿਸਰਿਆ
- ਤਰਖਾਣ ਸਿੱਧਾ ਹੋਵੇ ਲੱਕੜੀ ਆਪੇ ਸਿੱਧੀ ਹੋ ਜਾਂਦੀ ਹੈ। ਤਰਖਾਣ ਗਾਲ੍ਹਣ ਵਾਂਗੂੰ ਟੱਪੇ
- ਲੋਹਾਰਾ ਤਰਖਾਣਾ ਕਰਨਾ
- ਤਰਖਾਣ ਦੀ ਵੱਢੀ ਤੇ ਫ਼ਕੀਰ ਦੀ ਵੱਗੀ ਨਹੀਂ ਮੁੜਦੀਆਂ

ਤਰਖਾਣ ਦੇ ਸੰਦਾਂ ਨਾਲ ਸੰਬੰਧਿਤ :

- ਆਰੀ ਨੂੰ ਇਕ ਪਾਸੇ ਦੰਦੇ ਜਹਾਨ ਨੂੰ ਦੋਹੀਂ ਪਾਸੀਂ
- ਸ਼ਕੰਜਾ ਢਿੱਲਾ ਹੋਣਾ
- ਸ਼ਕੰਜਾ ਕੱਸਣਾ
- ਸਿਰ ਤੇ ਕੁਹਾੜਾ ਲਟਕਣਾ
- ਆਪਣੇ ਪੈਰ ’ਤੇ ਆਪ ਕੁਹਾੜਾ ਮਾਰਨਾ
- ਹੱਥ ਦਾ ਹਥਿਆਰ ਪੇਟ ਦਾ ਆਧਾਰ
- ਪਰਨਾਈ ਵਾਂਗ ਫਿਰਨਾ

ਇਸ ਤਰ੍ਹਾਂ ਸਪੱਸ਼ਟ ਹੈ ਕਿ ਪੰਜਾਬੀ ਸਮਾਜ-ਸਭਿਆਚਾਰ ਵਿਚ ਸੰਦੂਕ ਦਾ ਵਿਸ਼ੇਸ਼ ਮਹੱਤਵ ਹੈ। ਪੰਜਾਬੀ ਸਮਾਜ ਵਿਚ ਸੰਦੂਕ ਕੇਵਲ ਉਪਯੋਗੀ ਵਸਤ ਹੀ ਨਹੀਂ

ਬਲਕਿ ਲੋਕ ਜੀਵਨ ਨਾਲ ਜੁੜੇ ਇਸਦੇ ਵਿਭਿੰਨ ਸਰੋਕਾਰ ਇਸਨੂੰ ਇਕ ਸਭਿਆਚਾਰਕ ਕਿਰਤ ਬਣਾਉਂਦੇ ਹਨ। ਸੰਦੂਕ ਨਾਲ ਸੰਬੰਧਿਤ ਅਨੇਕ ਭੂਗੋਲਿਕ, ਆਰਥਿਕ ਤੇ ਕਲਾਤਮਕ ਪੱਖ ਇਸਦੀ ਪੰਜਾਬੀ ਸਭਿਆਚਾਰ ਨਾਲ ਅਨਿੱਖੜ ਸਾਂਝ ਨੂੰ ਰੂਪਮਾਨ ਕਰਦੇ ਹਨ। ਪੰਜਾਬੀ ਸਮਾਜ ਵਿਚ ਸੰਦੂਕ ਨਾਲ ਸੰਬੰਧਿਤ ਰਸਮਾਂ-ਰੀਤਾਂ, ਲੋਕ ਵਿਸ਼ਵਾਸ ਆਦਿ ਲੋਕ ਜੀਵਨ ਵਿਚ ਇਸਦੀ ਸਾਰਥਿਕਤਾ ਨੂੰ ਦਰਸਾਉਂਦੇ ਹਨ। ਅਜੋਕੇ ਸਮੇਂ ਵਿਚ ਸੰਦੂਕ ਪਰਿਵਰਤਿਤ ਰੂਪ ਵਿਚ ਘਰਾਂ ਦਾ ਸ਼ਿੰਗਾਰ ਬਣੇ ਹੋਏ ਹਨ। ਸੰਦੂਕ ਦੀ ਵਰਤੋਂ ਦਾ ਅਜਿਹਾ ਪੱਖ ਇਸਨੂੰ ਜੀਵਨ ਵਿਚੋਂ ਮਨਫ਼ੀ ਨਹੀਂ ਹੋਣ ਦਿੰਦਾ। ਚਿਹਨ ਪੱਧਰ 'ਤੇ ਵੀ ਸੰਦੂਕ ਅਨੇਕ ਗਹਿਨ ਅਰਥਾਂ ਦਾ ਸੰਚਾਰ ਕਰਦਾ ਹੈ। ਸੰਦੂਕ ਨਾਲ ਜੁੜੀ ਮਨੁੱਖੀ ਮਾਨਸਿਕਤਾ ਇਸਨੂੰ ਆਮ ਨਾਲੋਂ ਖ਼ਾਸ ਵਸਤ ਬਣਾਉਂਦੀ ਹੈ। ਲੋਕ ਸਾਹਿਤ ਅਤੇ ਵਿਸ਼ਿਸ਼ਟ ਸਾਹਿਤ ਦੀਆਂ ਵਿਭਿੰਨ ਵੰਨਗੀਆਂ ਵਿਚ ਸੰਦੂਕ ਦੀ ਪੇਸ਼ਕਾਰੀ ਵਿਭਿੰਨ ਪੱਖਾਂ ਤੋਂ ਹੋਈ ਮਿਲਦੀ ਹੈ। ਇਸ ਤਰ੍ਹਾਂ ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਸੰਦੂਕ ਨਾਲ ਜੁੜੇ ਵਿਭਿੰਨ ਪੱਖ ਇਸਦੇ ਪੰਜਾਬੀ ਸਭਿਆਚਾਰ ਵਿਚ ਵਿਸ਼ਾਲ ਪੱਧਰ 'ਤੇ ਪਸਰੇ ਹੋਣ ਦੀ ਗਵਾਹੀ ਭਰਦੇ ਹਨ।

\- - - - -

# ਹਵਾਲੇ ਅਤੇ ਟਿੱਪਣੀਆਂ

1. ਖੇਤਰੀ ਕਾਰਜ ਦੌਰਾਨ ਸ੍ਰੀਮਤੀ ਸੁਰਜੀਤ ਕੌਰ ਪਤਨੀ ਸ੍ਰ. ਸੁਰਜਨ ਸਿੰਘ, ਪਿੰਡ ਦੂਜੋਵਾਲ, ਤਹਿਸੀਲ ਅਜਨਾਲਾ, ਜ਼ਿਲ੍ਹਾ ਅਮ੍ਰਿਤਸਰ ਪਾਸੋਂ ਪ੍ਰਾਪਤ।
2. ਖੇਤਰੀ ਕਾਰਨ ਕੌਰਾਨ ਸ੍ਰੀਮਤੀ ਬਲਵਿੰਦਰ ਕੌਰ ਪਤਨੀ ਸ੍ਰ. ਸੁਖਵਿੰਦਰ ਸਿੰਘ, ਪਿੰਡ ਖ਼ੁਵਾਸਪੁਰ, ਜ਼ਿਲ੍ਹਾ ਤਰਨਤਾਰਨ ਪਾਸੋਂ ਪ੍ਰਾਪਤ।
3. ਖੇਤਰੀ ਕਾਰਜ ਦੌਰਾਨ ਸ੍ਰੀਮਤੀ ਕੁਲਵੀਰ ਕੌਰ ਪਤਨੀ ਸ੍ਰ. ਗੁਰਮੀਤ ਸਿੰਘ, ਪਿੰਡ ਦਸੌਧੀਆਂ, ਤਹਿਸੀਲ ਸਰਦੂਲਗੜ੍ਹ, ਜ਼ਿਲ੍ਹਾ ਮਾਨਸਾ ਪਾਸੋਂ ਪ੍ਰਾਪਤ।
4. **ਉਹੀ**।
5. ਖੇਤਰੀ ਕਾਰਜ ਦੌਰਾਨ ਸ੍ਰੀਮਤੀ ਪਰਮਜੀਤ ਕੌਰ ਪਤਨੀ ਸ੍ਰ. ਕਾਬਲ ਸਿੰਘ, ਪਿੰਡ ਮਾਨ ਸਿੰਘ ਵਾਲਾ, ਤਹਿਸੀਲ ਤੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਪਾਸੋਂ ਪ੍ਰਾਪਤ।
6. ਡਾ. ਹਰਜੀਤ ਕੌਰ, **ਲੋਕ ਨਾਟ ਸ੍ਵਾਂਗ ਰੂਪ ਤੇ ਪਰੰਪਰਾ**, ਪੰਨਾ 134.
7. ਸੁਖਦੇਵ ਸਿੰਘ ਝੰਡ, **ਸਾਡੇ ਰੁੱਖ**, ਪੰਨਾ 100.
8. **ਉਹੀ**, ਪੰਨਾ 100.
9. ਖੇਤਰੀ ਕਾਰਜ ਦੌਰਾਨ ਸ੍ਰੀਮਤੀ ਅਮਰ ਕੌਰ ਪਤਨੀ ਸ੍ਰ. ਸਾਧੂ ਸਿੰਘ, ਗੁਰਦਾਸਪੁਰ ਪਾਸੋਂ ਪ੍ਰਾਪਤ ਜਾਣਕਾਰੀ।
10. ਖੇਤਰੀ ਕਾਰਜ ਦੌਰਾਨ ਸ੍ਰੀਮਤੀ ਅਮਰੀਕ ਕੌਰ ਪਤਨੀ ਸ੍ਰ. ਸਰਬਜੀਤ ਸਿੰਘ, ਪਿੰਡ ਧੂੰਦਾ, ਜ਼ਿਲ੍ਹਾ ਤਰਨਤਾਰਨ ਪਾਸੋਂ ਪ੍ਰਾਪਤ।
11. ਖੇਤਰੀ ਕਾਰਜ ਦੌਰਾਨ ਸ੍ਰੀਮਤੀ ਹਰਪ੍ਰੀਤ ਕੌਰ ਪਤਨੀ ਸ੍ਰ. ਸੁਰਜੀਤ ਸਿੰਘ, ਪਿੰਡ ਰੋੜਾਂਵਾਲਾ, ਤਹਿਸੀਲ ਅਟਾਰੀ, ਜ਼ਿਲ੍ਹਾ ਅਮ੍ਰਿਤਸਰ ਪਾਸੋਂ ਪ੍ਰਾਪਤ।
12. ਖੇਤਰੀ ਕਾਰਜ ਦੌਰਾਨ ਸ੍ਰੀਮਤੀ ਬਖ਼ਸ਼ੀਸ਼ ਕੌਰ ਪਤਨੀ ਸ੍ਰ. ਤਾਰਾ ਸਿੰਘ, ਪਿੰਡ ਖ਼ੁਵਾਸਪੁਰ, ਜ਼ਿਲ੍ਹਾ ਤਰਨਤਾਰਨ ਪਾਸੋਂ ਪ੍ਰਾਪਤ ਜਾਣਕਾਰੀ।
13. ਖੇਤਰੀ ਕਾਰਜ ਦੌਰਾਨ ਸ੍ਰੀਮਤੀ ਸਵਿੰਦਰ ਕੌਰ ਪਤਨੀ ਸ੍ਰ. ਲਖਬੀਰ ਸਿੰਘ, ਪਿੰਡ ਫਤਿਹਾਬਾਦ, ਜ਼ਿਲ੍ਹਾ ਤਰਨਤਾਰਨ ਪਾਸੋਂ ਪ੍ਰਾਪਤ।

14. **ਉਹੀ**।

15. ਖੇਤਰੀ ਕਾਰਜ ਦੌਰਾਨ ਸ੍ਰੀਮਤੀ ਗੁਰਜੀਤ ਕੌਰ ਪਤਨੀ ਸ੍. ਸੁਖਵੰਤ ਸਿੰਘ, ਪਿੰਡ ਕੜਿਆਲ, ਤਹਿਸੀਲ ਅਜਨਾਲਾ, ਜ਼ਿਲ੍ਹਾ ਅਮ੍ਰਿਤਸਰ ਪਾਸੋਂ ਪ੍ਰਾਪਤ।

16. ਖੇਤਰੀ ਕਾਰਜ ਦੌਰਾਨ ਸ੍ਰੀਮਤੀ ਬਲਜਿੰਦਰ ਕੌਰ ਪਤਨੀ ਸ੍. ਜਗਤਾਰ ਸਿੰਘ, ਪਿੰਡ ਖ਼ੁਵਾਸਪੁਰ, ਜ਼ਿਲ੍ਹਾ ਤਰਨਤਾਰਨ ਪਾਸੋਂ ਪ੍ਰਾਪਤ।

17. **ਉਹੀ**।

18. ਮਹਿੰਦਰ ਸਿੰਘ ਰੰਧਾਵਾ, **ਪੰਜਾਬ**, ਪੰਨਾ 198.

19. ਗਿਆਨੀ ਗੁਰਦਿੱਤ ਸਿੰਘ, **ਮੇਰਾ ਪਿੰਡ**, ਪੰਨਾ 403.

20. ਖੇਤਰੀ ਕਾਰਜ ਦੌਰਾਨ ਸ੍ਰੀਮਤੀ ਸਵਿੰਦਰ ਕੌਰ ਪਤਨੀ ਸ੍. ਭਜਨ ਸਿੰਘ, ਪਿੰਡ ਦਾਲਮ, ਜ਼ਿਲ੍ਹਾ ਗੁਰਦਾਸਪੁਰ ਪਾਸੋਂ ਪ੍ਰਾਪਤ ਜਾਣਕਾਰੀ।

21. **ਉਹੀ**।

22. **Encyclopaedia of Britannica**, Vol 22, p. 226.

23. ਭੁਪਿੰਦਰ ਕੌਰ, **ਬੀਤ ਦੇ ਗੁੱਜਰਾਂ ਦਾ ਸੱਭਿਆਚਾਰ**, ਪੰਨਾ 57.

24. **ਉਹੀ**, ਪੰਨਾ 58.

25. **ਉਹੀ**, ਪੰਨਾ 188.

26. **ਉਹੀ**, ਪੰਨਾ 62.

27. ਡਾ. ਗੁਰਮੀਤ ਸਿੰਘ, **ਪੰਜਾਬੀ ਲੋਕਧਾਰਾ ਦੇ ਕੁਝ ਪੱਖ**, ਪੰਨਾ 28.

28. **ਉਹੀ**, ਪੰਨਾ 61.

29. ਖੇਤਰੀ ਕਾਰਜ ਦੌਰਾਨ ਸ੍ਰੀਮਤੀ ਮਨਜੀਤ ਕੌਰ ਪਤਨੀ ਸ੍. ਚੂਹੜ ਸਿੰਘ, ਪੱਟੀ ਪਾਸੋਂ ਪ੍ਰਾਪਤ ਜਾਣਕਾਰੀ।

30. ਜਗਦੇਵ ਸਿੰਘ, **ਜੁੱਤੀ : ਸਮਾਜ-ਸਭਿਆਚਾਰਕ ਅਧਿਐਨ (ਪੰਜਾਬੀ ਪਹਿਰਾਵੇ ਦੇ ਵਿਸ਼ੇਸ਼ ਸੰਦਰਭ ਵਿਚ)**, ਪੰਨਾ 215.

31. ਚੰਨਣ ਸਿੰਘ ਚੰਨ, **ਪੰਜਾਬੀ ਲੋਕ ਕਲਾ : ਫੁਲਕਾਰੀ**, ਪੰਨਾ 38.

32. ਸੁਖਦੇਵ ਮਾਦਪੁਰੀ, **ਪੰਜਾਬ ਦੀਆਂ ਵਿਰਾਸਤੀ ਖੇਡਾਂ**, ਪੰਨੇ 51-52.
33. ਸ਼ਾਹ ਚਮਨ (ਸੰਪਾਦਕ), **ਕਲਾਮ ਬੁੱਲ੍ਹੇ ਸ਼ਾਹ**, ਪੰਨਾ 99.
34. **ਹੀਰ ਵਾਰਿਸ**, ਭਾਸ਼ਾ ਵਿਭਾਗ ਪੰਜਾਬ (ਤੀਜੀ ਵਾਰ), ਪੰਨਾ 61.
35. **ਉਹੀ**, ਪੰਨਾ 98.
36. ਭਾਗਇੰਦਰ ਕੌਰ, **ਸੱਸੀ ਹਾਸ਼ਮ ਪਾਠ ਅਤੇ ਸਮੀਖਿਆ**, ਪੰਨਾ 123.
37. **ਉਹੀ**, ਪੰਨਾ 62.
38. **ਉਹੀ**, ਪੰਨਾ 122.
39. ਨੰਦ ਲਾਲ ਨੂਰਪੁਰੀ, **ਪੰਜਾਬ ਬੋਲਿਆ**, ਪੰਨਾ 55.
40. ਡਾ. ਹਰਜੀਤ ਕੌਰ, ਡਾ. ਹਰਮਨਦੀਪ ਕੌਰ, **ਦੀਵਾ : ਅਤੀਤ ਤੇ ਵਰਤਮਾਨ**, ਪੰਨਾ 115.
41. ਖੇਤਰੀ ਕਾਰਜ ਦੌਰਾਨ ਸ੍ਰੀਮਤੀ ਭੁਪਿੰਦਰ ਕੌਰ ਪਤਨੀ ਸ੍ਰ. ਲਖਵਿੰਦਰ ਸਿੰਘ, ਪਿੰਡ ਦਸੌਧੀਆਂ, ਤਹਿਸੀਲ ਸਰਦੂਲਗੜ੍ਹ, ਜ਼ਿਲ੍ਹਾ ਮਾਨਸਾ ਪਾਸੋਂ ਪ੍ਰਾਪਤ।
42. ਖੇਤਰੀ ਕਾਰਜ ਦੌਰਾਨ ਸ੍ਰੀਮਤੀ ਅਮਨਦੀਪ ਕੌਰ ਪਤਨੀ ਸ੍ਰ. ਸਵਰਨ ਸਿੰਘ, ਜਲੰਧਰ ਪਾਸੋਂ ਪ੍ਰਾਪਤ।
43. ਡਾ. ਨਾਹਰ ਸਿੰਘ, **ਰੜੇ ਭੰਬੀਰੀ ਬੋਲੇ (ਮਲਵੈਣਾਂ ਦੀਆਂ ਸਿੱਠਣੀਆਂ ਅਤੇ ਹੇਅਰੇ)**, ਪੰਨਾ 60.
44. ਖੇਤਰੀ ਕਾਰਜ ਦੌਰਾਨ ਸ੍ਰੀਮਤੀ ਲਖਬੀਰ ਕੌਰ ਪਤਨੀ ਸ੍ਰ. ਗੁਰਨਾਮ ਸਿੰਘ, ਪਿੰਡ ਬੋਦੇਵਾਲ, ਜ਼ਿਲ੍ਹਾ ਤਰਨਤਾਰਨ ਪਾਸੋਂ ਪ੍ਰਾਪਤ।
45. **ਉਹੀ**।
46. ਖੇਤਰੀ ਕਾਰਜ ਦੌਰਾਨ ਸ੍ਰੀਮਤੀ ਪਰਮਿੰਦਰ ਕੌਰ ਪਤਨੀ ਸ੍ਰ. ਸਰਦੂਲ ਸਿੰਘ, ਪਿੰਡ ਬੀਣੇਵਾਲ, ਜ਼ਿਲ੍ਹਾਂ ਹੁਸ਼ਿਆਰਪੁਰ ਪਾਸੋਂ ਪ੍ਰਾਪਤ।
47. ਖੇਤਰੀ ਕਾਰਜ ਦੌਰਾਨ ਸ੍ਰੀਮਤੀ ਨਿਰਮਲ ਕੌਰ ਪਤਨੀ ਸ੍ਰ. ਬਲਦੇਵ ਸਿੰਘ, ਪਿੰਡ ਕਾਲੇਕੇ, ਜ਼ਿਲ੍ਹਾ ਅਮ੍ਰਿਤਸਰ ਪਾਸੋਂ ਪ੍ਰਾਪਤ।

48. **ਉਹੀ**।

49. ਖੇਤਰੀ ਕਾਰਜ ਦੌਰਾਨ ਸ੍ਰੀਮਤੀ ਸਵਰਨ ਕੌਰ ਪਤਨੀ ਸ੍ਰ. ਰਘਬੀਰ ਸਿੰਘ, ਪਿੰਡ ਫਤਿਹਾਬਾਦ, ਜ਼ਿਲ੍ਹਾ ਤਰਨਤਾਰਨ ਪਾਸੋਂ ਪ੍ਰਾਪਤ।

50. ਖੇਤਰੀ ਕਾਰਜ ਦੌਰਾਨ ਸ੍ਰੀਮਤੀ ਸ਼ਾਮ ਕੌਰ ਪਤਨੀ ਸ੍ਰ. ਸੁੱਚਾ ਸਿੰਘ, ਪਿੰਡ ਮਾਨ ਸਿੰਘ ਵਾਲਾ, ਜ਼ਿਲ੍ਹਾ ਮੁਕਤਸਰ ਸਾਹਿਬ ਪਾਸੋਂ ਪ੍ਰਾਪਤ।

51. **ਉਹੀ**।

52. ਖੇਤਰੀ ਕਾਰਜ ਦੌਰਾਨ ਜਗਦੀਪ ਕੌਰ ਪਤਨੀ ਸ੍ਰ. ਮੁਖਤਾਰ ਸਿੰਘ, ਪਿੰਡ ਨੈਣਵਾਂ, ਜ਼ਿਲ੍ਹਾ ਹੁਸ਼ਿਆਰਪੁਰ ਪਾਸੋਂ ਪ੍ਰਾਪਤ।

53. ਖੇਤਰੀ ਕਾਰਜ ਦੌਰਾਨ ਸ੍ਰੀਮਤੀ ਮਨਪ੍ਰੀਤ ਕੌਰ ਪਤਨੀ ਸ੍ਰ. ਨਰਿੰਦਰ ਸਿੰਘ, ਗੁਰਦਾਸਪੁਰ ਪਾਸੋਂ ਪ੍ਰਾਪਤ।

54. **ਉਹੀ**।

55. ਖੇਤਰੀ ਕਾਰਜ ਦੌਰਾਨ ਸ੍ਰੀਮਤੀ ਪਰਮਜੀਤ ਕੌਰ ਪਤਨੀ ਸ੍ਰ. ਹਰਨਾਮ ਸਿੰਘ, ਪਿੰਡ ਸੁਰ ਸਿੰਘ, ਜ਼ਿਲ੍ਹਾ ਤਰਨਤਾਰਨ ਪਾਸੋਂ ਪ੍ਰਾਪਤ।

56. **ਉਹੀ**।

57. ਖੇਤਰੀ ਕਾਰਜ ਦੌਰਾਨ ਤਲਵਿੰਦਰ ਕੌਰ ਪਤਨੀ ਸ੍ਰ. ਨਰਿੰਦਰ ਸਿੰਘ, ਪਿੰਡ ਕਾਦੀਆਂ, ਜ਼ਿਲ੍ਹਾ ਗੁਰਦਾਸਪੁਰ ਪਾਸੋਂ ਪ੍ਰਾਪਤ ਜਾਣਕਾਰੀ।

58. **ਉਹੀ**।

59. ਖੇਤਰੀ ਕਾਰਜ ਦੌਰਾਨ ਸ੍ਰੀਮਤੀ ਹਰਮੀਤ ਕੌਰ ਪਤਨੀ ਸ੍ਰ. ਸੁਰਜੀਤ ਸਿੰਘ, ਗੁਰਦਾਸਪੁਰ ਪਾਸੋਂ ਪ੍ਰਾਪਤ।

60. ਖੇਤਰੀ ਕਾਰਜ ਦੌਰਾਨ ਸ੍ਰੀਮਤੀ ਬਲਜੀਤ ਕੌਰ ਪਤਨੀ ਸ੍ਰ. ਮਲਕੀਤ ਸਿੰਘ, ਪਿੰਡ ਨੌਰੰਗਾਬਾਦ, ਜ਼ਿਲ੍ਹਾ ਤਰਨਤਾਰਨ ਪਾਸੋਂ ਪ੍ਰਾਪਤ।

61. ਡਾ. ਹਰਜੀਤ ਕੌਰ, **ਲੋਕ ਨਾਟ ਸ੍ਵਾਂਗ ਰੂਪ ਤੇ ਪਰੰਪਰਾ**, ਪੰਨਾ 68.

62. ਖੇਤਰੀ ਕਾਰਜ ਦੌਰਾਨ ਸ੍ਰੀਮਤੀ ਮਨਦੀਪ ਕੌਰ ਪਤਨੀ ਸ੍. ਸੁਰਜੀਤ ਸਿੰਘ, ਪਿੰਡ ਖ਼ੁਵਾਸਪੁਰ, ਜ਼ਿਲ੍ਹਾ ਤਰਨਤਾਰਨ ਪਾਸੋਂ ਪ੍ਰਾਪਤ ਜਾਣਕਾਰੀ।

63. ਮਨੋਜ ਦਾਸ, **ਸੰਦੂਕ ਵਿਚ ਵਹੁਟੀ ਅਤੇ ਹੋਰ ਕਹਾਣੀਆਂ**, ਪੰਨੇ 9–20.

64. ਸੋਹਿੰਦਰ ਸਿੰਘ ਵਣਜਾਰਾ ਬੇਦੀ, **ਬਾਤਾਂ ਲੋਕ ਪੰਜਾਬ ਦੀਆਂ**, ਪੰਨੇ 180–183.

65. ਸੋਹਿੰਦਰ ਸਿੰਘ ਵਣਜਾਰਾ ਬੇਦੀ, **ਪੰਜਾਬੀ ਲੋਕਧਾਰਾ ਵਿਸ਼ਵਕੋਸ਼**, ਪੰਨਾ 981.

66. **ਉਹੀ**, ਪੰਨਾ 987.

– – – – –